# CEP SHEET 1

## ਪਾਠ 1: ਤੁਲਨਾਤਮਕ ਰਾਜਨੀਤੀ ਅਰਥ ਅਤੇ ਪ੍ਰਕਿਰਤੀ

## Comparative politics meaning or nature

ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਸਹੀ ਚੋਣ ਕਰਕੇ ਜਾਂ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ–

ੳ. ਤੁਲਨਾਤਮਕ ਰਾਜਨੀਤੀ ਦਾ ਪਿਤਾਮਾ ਕਿਸਨੂੰ ਕਿਹਾ ਜਾਂਦਾ ਹੈ ?

(i) ਪਲੈਟੋ (ii) ਮੈਕਿਆਵਲੀ

(iii) ਰੂਸੋ (iv) **ਅਰਸਤੂ**

ਅ: ਭਾਰਤ ਦੀ ਸੰਸਦੀ ਪ੍ਰਣਾਲੀ ਦੀ ਤੁਲਨਾ ਕਿਸ ਦੇਸ਼ ਦੀ ਪ੍ਰਣਾਲੀ ਨਾਲ ਕੀਤੀ ਜਾਂਦੀ ਹੈ ?

(i) **ਬ੍ਰਿਟੇਨ ਦੀ** (ii) ਅਮਰੀਕਾ ਦੀ

(iii) ਯੂਨਾਨ ਦੀ (iv) ਪਾਕਿਸਤਾਨ ਦੀ

ੲ :ਅਰਸਤੂ ਨੇ ਕਿੰਨੇ ਸੰਵਿਧਾਨਾਂ ਦਾ ਤੁਲਨਾਤਮਕ ਅਧਿਐਨ ਕੀਤਾ ਸੀ ?

(i) 100 (ii) 200

(iii) **158** (iv) 168

ਸ: "ਰਾਜਨੀਤੀ ਹੈ ਹੀ ਇਹ ਕਿ ਕੋਈ ਰਾਜਨੀਤੀ ਵਿੱਚੋਂ ਕੀ ਅਤੇ ਕਿੰਨਾ ਪ੍ਰਾਪਤ ਕਰਦਾ ਹੈ।"

(i) ਪਲੈਟੋ (ii) **ਹੈਰੋਲਡ ਲਾਸਵੈਲ**

(iii) ਰੂਸੋ (iv) ਅਰਸਤੂ

ਹ. ਤੁਲਨਾਤਮਕ ਸਰਕਾਰ ਅਤੇ ਤੁਲਨਾਤਮਕ ਰਾਜਨੀਤੀ ਵਿਚਾਲੇ ਕੋਈ ਅੰਤਰ ਨਹੀ ਹੈ ? **(ਗਲਤ)**

ਕ. ਅਰਸਤੂ ਅਨੁਸਾਰ ਮਨੁੱਖ ਇਕ ਰਾਜਨੀਤਕ ਪ੍ਰਾਣੀ ਹੈ ? **(ਠੀਕ)**

ਖ. ਭਾਰਤ ਵਿੱਚ ਜਨਤਕ ਹਿੱਤ ਮੁਕੱਦਮੇ ਦੀ ਸ਼ੁਰੂਆਤ ਕਿਸਨੇ ਕੀਤੀ ਸੀ ?

ਉੱਤਰ : ਭਾਰਤ ਵਿੱਚ ਜਨਹਿੱਤ ਮੁਕੱਦਮੇ ਦੀ ਸ਼ੁਰੂਆਤ ਸਰਵ ਉੱਚ ਅਦਾਲਤ ਦੇ **ਸਾਬਕਾ ਮੁੱਖ ਜੱਜ ਪੀ ਐਨ ਭਗਵਤੀ** ਨੇ ਕੀਤੀ ।

ਗ. ਭਾਰਤ ਵਿੱਚ ਉਦਾਰੀਕਰਨ, ਨਿਜੀਕਰਨ ਅਤੇ ਵਿਸ਼ਵੀਕਰਨ ਕਦੋਂ ਤੋਂ ਸ਼ੁਰੂ ਹੋਇਆ ?

ਉੱਤਰ : ਭਾਰਤ ਵਿੱਚ ਉਦਾਰੀਕਰਨ ਨਿੱਜੀਕਰਨ ਅਤੇ ਵਿਸ਼ਵੀਕਰਨ **1991** ਵਿੱਚ ਸ਼ੁਰੂ ਹੋਇਆ

ਘ. ਤੀਸਰੀ ਦੁਨੀਆ ਦੇ ਦੇਸ਼ ਕਿਨ੍ਹਾਂ ਦੇਸ਼ਾਂ ਨੂੰ ਕਿਹਾ ਜਾਂਦਾ ਹੈ ?

ਉੱਤਰ : ਅਲਪ ਵਿਕਸਿਤ ਜਾਂ ਘੱਟ ਵਿਕਸਿਤ ਅਤੇ ਬਰਤਾਨਵੀ ਸਾਮਰਾਜ ਤੋਂ ਨਵੇਂ ਆਜ਼ਾਦ ਹੋਏ ਮੁਲਕਾਂ ਜਾਂ ਵਿਕਾਸ ਸ਼ੀਲ ਦੇਸ਼ਾਂ ਨੂੰ ਤੀਜੀ ਦੁਨੀਆਂ ਦੇ ਦੇਸ਼ ਕਿਹਾ ਜਾਂਦਾ ਹੈ।

ङ. ਕਿਸ ਗੁਆਂਢੀ ਦੇਸ਼ ਵਿੱਚ ਨਵਾਂ ਸੰਵਿਧਾਨ ਲਾਗੂ ਹੋਇਆ ਹੈ?

ਉੱਤਰ: **ਨੇਪਾਲ** ਦੇਸ਼ ਵਿੱਚ ਨਵਾਂ ਸੰਵਿਧਾਨ ਲਾਗੂ ਹੋਇਆ ਹੈ।

II. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 5-8 ਵਾਕਾਂ ਵਿੱਚ ਦਿਓ-

ੳ. ਤੁਲਨਾਤਮਕ ਰਾਜਨੀਤੀ ਤੋਂ ਕੀ ਭਾਵ ਹੈ ?

ਉੱਤਰ: ਤੁਲਨਾਤਮਕ ਰਾਜਨੀਤੀ ਅਸਲ ਵਿੱਚ ਰਾਜਨੀਤੀ ਦੀ ਕਿਸਮ ਨਾ ਹੋ ਕੇ ਰਾਜਨੀਤਿਕ ਪ੍ਰਬੰਧਾਂ ਦਾ ਅਧਿਐਨ ਦੀ ਵਿਧੀ ਹੈ, ਜਦੋਂ ਕਿਸੇ ਸਮਾਜ ਰਾਜ ਜਾਂ ਦੇਸ਼ ਦੇ ਰਾਜ ਪ੍ਰਬੰਧ ਦਾ ਅਧਿਐਨ ਕਰਨਾ ਹੋਵੇ ਤਾਂ ਉਥੋਂ ਦੇ ਪ੍ਰਬੰਧ ਦੀ ਤੁਲਨਾ ਹੋਰ ਪ੍ਰਬੰਧਾਂ ਨਾਲ ਕਰਨ ਪਿੱਛੋਂ ਹੀ ਉਸ ਸਮਾਜ ਰਾਜ ਦਾ ਦੇਸ਼ ਦਾ ਲੋੜੀਦਾ ਪ੍ਰਬੰਧ ਸਥਾਪਿਤ ਕਰਨ ਬਾਰੇ ਫੈਸਲਾ ਕੀਤਾ ਜਾਂਦਾ ਹੈ ਤੁਲਨਾਤਮਕ ਰਾਜਨੀਤੀ ਦਾ ਵਿਸ਼ਾ ਵੱਖ-ਵੱਖ ਦੇਸ਼ਾਂ ਦੀਆਂ ਰਾਜਨੀਤਿਕ ਪ੍ਰਣਾਲੀਆਂ ਦਾ ਤੁਲਨਾਤਮਕ ਅਧਿਐਨ ਨਾਲ ਸਬੰਧਤ ਹੈ। ਇਸ ਦਾ ਸੰਬੰਧ ਕੇਵਲ ਰਸਮੀ ਰਾਜਨੀਤਿਕ ਸੰਸਥਾਵਾਂ ਦੀ ਬਣਤਰ ਅਤੇ ਉਹਨਾਂ ਦੇ ਕਾਰਜਾਂ ਦੇ ਅਧਿਐਨ ਨਾਲ ਹੀ ਨਹੀਂ ਹੈ, ਸਗੋਂ ਇਸ ਦਾ ਸੰਬੰਧ ਹਰ ਪ੍ਰਕਾਰ ਦੀਆਂ ਰਸਮੀ ਅਤੇ ਗੈਰ-ਰਸਮੀ ਰਾਜਨੀਤਿਕ ਸੰਸਥਾਵਾਂ, ਰਾਜਨੀਤਿਕ ਗਤੀਵਿਧੀਆਂ ਜਿਹਾ ਕਿ ਰਾਜਨੀਤਿਕ ਵਿਰੋਧਾਂ ਦਾ ਹੱਲ, ਨਿਰਣਾ-ਨਿਰਮਾਣ, ਸੌਦੇਬਾਜ਼ੀ, ਰਾਜਨੀਤਿਕ ਸੰਚਾਰ ਆਦਿ ਨਾਲ ਵੀ ਹੈ। ਅੱਜ ਵੱਖ-ਵੱਖ ਦੇਸ਼ਾਂ ਦੀ ਰਾਜਨੀਤਿਕ ਪ੍ਰਣਾਲੀ ਨੂੰ ਉਥੋਂ ਦਾ ਸਮੁੱਚਾ ਰਾਜਨੀਤਿਕ ਸੱਭਿਆਚਾਰ ਅਤੇ ਦੂਜੇ ਦੇਸ਼ਾਂ ਵਿਚ ਹੋਣ ਵਾਲੀਆਂ ਘਟਨਾਵਾਂ ਵੀ ਪ੍ਰਭਾਵਿਤ ਕਰਦੀਆਂ ਹਨ, ਜਿਸ ਕਰਕੇ ਇਹ ਸਭ ਤੁਲਨਾਤਮਕ ਰਾਜਨੀਤੀ ਦਾ ਵਿਸ਼ਾ-ਵਸਤੂ ਹਨ ਇਸ ਵਿੱਚ ਰਾਜਪ੍ਰਬੰਧ ਦੇ ਅੰਦਰੂਨੀ ਅਤੇ ਬਾਹਰੀ ਪਹਿਲੂਆਂ ਦਾ ਅਧਿਐਨ ਕੀਤਾ ਜਾਂਦਾ ਹੈ। ਤੁਲਨਾਤਮਕ ਰਾਜਨੀਤੀ ਕਿਸੇ ਦੇਸ਼ ਦੇ ਅੰਦਰਲੇ ਰਾਜਨੀਤਿਕ ਤੰਤਰਾਂ ਦੇ ਵੱਖ ਵੱਖ ਭਾਗਾਂ ਦੀ ਤੁਲਨਾ ਦੂਸਰੇ ਮੁਲਕਾਂ ਦੇ ਅੰਦਰਲੇ ਰਾਜਨੀਤਿਕਾਂ ਤੇ ਪ੍ਰਕਿਰਿਆਵਾਂ ਨਾਲ ਕਰਕੇ ਪ੍ਰਬੰਧ ਨੂੰ ਸਮਝਣ ਸੰਭਵ ਬਣਾਉਂਦੀ ਹੈ। ਤੁਲਨਾਤਮਕ ਰਾਜਨੀਤੀ ਵਿੱਚ ਰਸਮੀ ਅਤੇ ਗੈਰ ਰਸਮੀ ਸੰਸਥਾਵਾਂ ਜਿਹੜੀਆਂ ਕਿਸੇ ਵੀ ਰੂਪ ਵਿੱਚ ਪ੍ਰਤੱਖ ਜਾਂ ਪ੍ਰਤੱਖ ਰੂਪ ਵਿੱਚ ਰਾਜਨੀਤੀ ਨੂੰ ਪ੍ਰਭਾਵਿਤ ਕਰਦੀਆਂ ਹਨ ਉਹਨਾਂ ਸਾਰਿਆਂ ਦਾ ਅਧਿਐਨ ਕੀਤਾ ਜਾਂਦਾ ਹੈ।

ਅ. ਤੁਲਨਾਤਮਕ ਸਰਕਾਰ ਤੋਂ ਤੁਸੀਂ ਕੀ ਸਮਝਦੇ ਹੋ ?

ਉੱਤਰ :- ਬਹੁਤ ਸਾਰੇ ਲੋਕ 'ਤੁਲਨਾਤਮਕ ਸਰਕਾਰ' ਅਤੇ 'ਤੁਲਨਾਤਮਕ ਰਾਜਨੀਤੀ' ਵਿਚਕਾਰ ਕੋਈ ਅੰਤਰ ਨਹੀਂ ਕਰਦੇ ਅਤੇ ਦੋਵਾਂ ਨੂੰ ਇਕ- ਦੂਜੇ ਦੀ ਜਗ੍ਹਾ ਵਰਤ ਲੈਂਦੇ ਹਨ ਜਦ ਕਿ ਇਹ ਦੋਵੇਂ ਵੱਖ-ਵੱਖ ਵਿਸ਼ੇ ਹਨ। ਜਦੋਂ ਅਸੀਂ ਤੁਲਨਾਤਮਕ ਸਰਕਾਰ' ਦੀ ਗੱਲ ਕਰਦੇ ਹਾਂ ਤਾਂ ਇਸ ਵਿਚ ਅਸੀਂ ਸਰਕਾਰ ਦੀਆਂ ਵੱਖ-ਵੱਖ ਕਿਸਮਾਂ, ਸਰਕਾਰ ਦੇ ਅੰਗਾਂ, ਉਹਨਾਂ ਦੀ ਬਣਤਰ ਅਤੇ ਉਹਨਾਂ ਦੇ ਕਾਰਜਾਂ ਆਦਿ ਦੇ ਅਧਿਐਨ ਨੂੰ ਸ਼ਾਮਲ ਕਰਦੇ ਹਾਂ। 'ਤੁਲਨਾਤਮਕ ਰਾਜਨੀਤੀ' ਵਿਚ ਸਰਕਾਰ ਦੀਆਂ ਕਿਸਮਾਂ, ਸਰਕਾਰ ਦੇ ਅੰਗਾਂ ਦੀ ਬਣਤਰ ਅਤੇ ਉਹਨਾਂ ਦੇ ਕਾਰਜਾਂ ਆਦਿ ਦੇ ਨਾਲ-ਨਾਲ ਉਹਨਾਂ ਦੀ ਕਾਰਜਸ਼ੀਲਤਾ ਨੂੰ ਪ੍ਰਭਾਵਿਤ ਕਰਨ ਵਾਲੇ ਸਾਰੇ ਰਸਮੀ ਅਤੇ ਗੈਰ ਰਸਮੀ ਸੰਗਠਨਾਂ, ਰਾਜਨੀਤਿਕ ਪ੍ਰਕਿਰਿਆਵਾਂ ਜਿਹਾ ਕਿ ਚੋਣਾਂ, ਮੌਤਦਾਨ ਵਿਵਹਾਰ ਅਤੇ ਇਹਨਾਂ ਨੂੰ ਪ੍ਰਭਾਵਿਤ ਕਰਨ ਵਾਲੇ ਤੱਥਾਂ ਆਦਿ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ 'ਤੁਲਨਾਤਮਕ ਸਰਕਾਰ' ਦੇ ਮੁਕਾਬਲੇ ਵਿਚ 'ਤੁਲਨਾਤਮਕ ਰਾਜਨੀਤੀ' ਦਾ ਵਿਸ਼ਾ-ਵਸਤੂ ਕਾਫ਼ੀ ਵਿਸ਼ਾਲ ਹੈ।

ੲ. ਤੁਲਨਾਤਮਕ ਰਾਜਨੀਤੀ ਦੇ ਅਧਿਐਨ ਅਤੇ ਰਾਜਨੀਤਕ ਪ੍ਰਕਿਰਿਆਵਾਂ ਦੇ ਪਹਿਲੂਆਂ ਬਾਰੇ ਲਿਖੋ।

ਉੱਤਰ :- ਤੁਲਨਾਤਮਕ ਰਾਜਨੀਤੀ ਦੇ ਅਧਿਐਨ ਵਿੱਚ ਰਾਜਨੀਤਕ ਪ੍ਰਕਿਰਿਆਵਾਂ ਦੇ ਪਹਿਲੂਆਂ ਦਾ (i) ਬਾਹਰੀ (External) ਜਾਂ ਅੰਦਰਨੀ (Internal) ਅੰਦਰੂਨੀ ਦੇ ਅਧਾਰਾਂ 'ਤੇ ਅਧਿਐਨ ਕੀਤਾ ਜਾ ਸਕਦਾ ਹੁੰਦਾ ਹੈ। ਬਾਹਰੀ ਤੁਲਨਾਤਮਕ ਅਧਿਐਨ ਵਜੋਂ ਦੇਸ਼ ਦੇ ਰਾਜਨੀਤਕ ਪ੍ਰਬੰਧ ਦੀ ਤੁਲਨਾ ਕਿਸੇ ਦੂਸਰੇ ਦੇਸ਼ ਦੇ ਰਾਜਨੀਤਕ ਪ੍ਰਬੰਧ ਨਾਲ ਕੀਤੀ ਜਾਂਦੀ ਹੈ। ਜਿਵੇਂ ਕਿ ਭਾਰਤ ਦੀ ਸੰਸਦੀ ਪ੍ਰਣਾਲੀ ਦੀ ਤੁਲਨਾ ਬਰਤਾਨਵੀ ਸੰਸਦੀ ਪ੍ਰਣਾਲੀ ਨਾਲ ਸਮਾਨਤਾਵਾਂ, ਵਖਰੇਵਿਆਂ ਅਤੇ ਵਿਲੱਖਣਤਾਵਾਂ ਦੇ ਅਧਾਰ 'ਤੇ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਭਾਰਤ ਦੇ ਸੰਘੀ ਢਾਂਚੇ ਦੀ ਤੁਲਨਾ ਸੰਯੁਕਤ ਰਾਜ ਅਮਰੀਕਾ ਦੇ ਸੰਘੀ ਢਾਂਚੇ ਅਤੇ ਕੈਨੇਡਾ ਦੇ ਸੰਘੀ ਢਾਂਚੇ ਨਾਲ ਨੇੜਤਾਵਾਂ ਅਤੇ ਵਿਭਿੰਨਤਾਵਾਂ ਦੇ ਅਧਾਰ 'ਤੇ ਕੀਤੀ ਜਾਂਦੀ ਹੈ।ਤੁਲਨਾਤਮਕ ਰਾਜਨੀਤੀ ਵਿੱਚ ਕਿਸੇ ਰਾਜਨੀਤਕ ਪ੍ਰਬੰਧ ਦੇ ਅੰਦਰੂਨੀ ਪਹਿਲੂਆਂ ਦੀ ਆਪਸੀ ਤੁਲਨਾ ਵੀ ਕੀਤੀ ਜਾਂਦੀ ਹੈ, ਜਿਵੇਂ ਕਿ ਰਾਜਨੀਤਕ ਢਾਂਚੇ ਦੇ ਤਿੰਨੋਂ ਪੱਖਾਂ ਵਿਧਾਨਪਾਲਿਕਾ, ਕਾਰਜਪਾਲਿਕਾ ਤੇ ਨਿਆਂਪਾਲਿਕਾ ਦੇ ਕਾਰਜਾਂ ਤੇ ਪ੍ਰਬੰਧਾਂ ਦੀ ਆਪਸੀ ਤੁਲਨਾ, ਸਰਕਾਰਾਂ ਦੀਆਂ ਨੀਤੀਆਂ, ਫ਼ੈਸਲਿਆਂ ਦੀ ਆਪਸੀ ਤੁਲਨਾ, ਸਰਕਾਰ ਸਮੂਹਾਂ ਦੀ ਕਾਰਜਸ਼ੈਲੀ, ਰਾਜਨੀਤਕ ਸਭਿਆਚਾਰਾਂ, ਨੌਕਰਸ਼ਾਹੀ ਦੇ ਕੰਮਕਾਜੀ ਰੱਵਈਏ ਤੇ ਕਾਰਜਾਂ ਦਾ ਸਿੱਟਿਆਂ, ਰਾਜਨੀਤਕ ਦਲਾਂ (ਪਾਰਟੀਆਂ) ਦੀਆਂ ਵੱਖੋ-ਵੱਖ ਵਿਚਾਰਧਾਰਵਾਂ ਆਦਿ ਦੀ ਆਪਸੀ ਤੁਲਨਾ ਕਰਕੇ ਪ੍ਰਬੰਧ ਦਾ ਅਧਿਐਨ ਕੀਤਾ ਜਾਂਦਾ ਹੈ ।

ਸ. ਅਰਸਤੂ ਦੁਆਰਾ ਸਰਕਾਰਾਂ ਦੇ ਵਰਗੀਕਰਨ ਦਾ ਨਮੂਨਾ ਲਿਖੋ।

ਉੱਤਰ: ਅਰਸਤੂ ਨੇ ਵੱਖ-ਵੱਖ ਦੇਸ਼ਾਂ ਦੇ 158 ਸੰਵਿਧਾਨਾਂ ਦਾ ਤੁਲਨਾਤਮਕ ਅਧਿਐਨ ਕੀਤਾ ਅਤੇ ਸਰਕਾਰਾਂ ਦਾ ਵਰਗੀਕਰਨ ਕਰਕੇ ਸਰਕਾਰਾਂ ਦੇ ਤਿੰਨ ਰੂਪਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਇਸ ਕਰਕੇ ਅਰਸਤੂ ਨੂੰ ਤੁਲਨਾਤਮਕ ਰਾਜਨੀਤੀ ਦਾ ਪਿਤਾਮਾ ਕਿਹਾ ਜਾਂਦਾ ਹੈ। ਅਰਸਤੂ ਦੇ ਅਨੁਸਾਰ ਜਦੋਂ ਬਾਦਸ਼ਾਹ ਸਾਰੇ ਵਰਗ ਦੇ ਹਿੱਤਾਂ ਲਈ ਕੰਮ ਕਰੇ ਤਾਂ ਉਸਦਾ ਸ਼ੁੱਧ ਰੂਪ ਬਾਦਸ਼ਾਹੀ ਸਰਕਾਰ ਹੋਵੇਗਾ ਜਦੋਂ ਇੱਕ ਸ਼ਾਸਕ ਆਪਣੇ ਹਿੱਤਾ ਲਈ ਕੰਮ ਕਰੇ ਉਸਨੂੰ ਤਾਨਾਸ਼ਾਹੀ ਸਰਕਾਰ ਦਾ ਰੂਪ ਦਿੱਤਾ ਗਿਆ ਹੈ ਇਸੇ ਤਰ੍ਹਾਂ ਜਦੋਂ ਕੁਝ ਸ਼ਸ਼ਕ ਸਾਰਿਆਂ ਦੀ ਭਲਾਈ ਲਈ ਕੰਮ ਕਰਦੇ ਹਨ ਉਸ ਨੂੰ

ਅਲਪਤੰਤਰ ਕਿਹਾ ਜਾਂਦਾ ਹੈ ਜਦੋਂ ਉਹ ਕੁਝ ਸ਼ਾਸਕ ਆਪਣੇ ਹਿੱਤਾਂ ਲਈ ਕੰਮ ਕਰਨ ਤੇ ਉਸਨੂੰ ਕੁਲੀਨ ਤੰਤਰ ਕਿਹਾ ਜਾਂਦਾ ਹੈ ਇਸੇ ਤਰ੍ਹਾਂ ਹੀ ਲੋਕਤੰਤਰ ਜਦੋਂ ਬਹੁਤ ਸਾਰੇ ਸ਼ਾਸਕ ਸਮਾਜਿਕ ਭਲਾਈ ਲਈ ਕੰਮ ਕਰਨ ਉਸਨੂੰ ਲੋਕਤੰਤਰ ਅਤੇ ਜਦੋਂ ਉਹੀ ਬਹੁਤ ਸਾਰੇ ਸ਼ਾਸਕ ਆਪਣੀ ਹਿੱਤਾਂ ਦੀ ਸੋਚਣ ਉਸਨੂੰ ਭੀੜਤੰਤਰ ਕਿਹਾ ਜਾਂਦਾ ਹੈ ਇਹ ਅਰਸਤੂ ਦਾ ਸਰਕਾਰਾਂ ਦਾ ਵਰਗੀਕਰਨ ਹੈ

| ਰੂਪ | **ਇੱਕ ਸ਼ਾਸਕ (one)** | **ਕੁਝ ਸ਼ਾਸਕ (few)** | **ਬਹੁਤ ਸਾਰੇ ਸ਼ਾਸਕ (many)** |
|---|---|---|---|
| ਸ਼ੁੱਧ ਰੂਪ | ਬਾਦਸ਼ਾਹੀ | ਅਲਪਤੰਤਰ | ਲੋਕਤੰਤਰ |
| ਵਿਗੜਿਆ ਰੂਪ | ਤਾਨਾਸ਼ਾਹੀ | ਕੁਲੀਨਤੰਤਰ | ਭੀੜਤੰਤਰ |

ਹ. ਵਿਸ਼ਵਤਰ ਵਿੱਚ ਪ੍ਰਤੀਨਿਧ ਲੋਕਤੰਤਰ ਵਿੱਚ ਮੁੱਢਲੀਆਂ ਚਾਰ ਰਾਜਨੀਤਕ ਸੰਸਥਾਵਾਂ ਦੇ ਨਾਮ ਲਿਖੋ।

ਉੱਤਰ: ਵਿਸ਼ਵਤਰ ਵਿੱਚ ਪ੍ਰਤਿਨਿਧ ਲੋਕਤੰਤਰ ਵਿੱਚ ਚਾਰ ਮੁੱਢਲੀਆਂ ਸੰਸਥਾਵਾਂ ਹੇਠ ਲਿਖੀਆਂ ਹਨ :

1. ਚੋਣ ਪ੍ਰਣਾਲੀ

2. ਵਿਧਾਨ ਪਾਲਿਕਾ

3.ਸਰਕਾਰ ਦਾ ਢਾਂਚਾ

4. ਕੇਂਦਰੀ ਕਾਰਜ ।

# CEP SHEET 2

## ਪਾਠ 2. ਰਾਜਨੀਤਿਕ ਸਮਾਜੀਕਰਨ, ਅਰਥ ਅਤੇ ਸਾਧਨ (ਏਜੰਟ)

## Political socialisation ,Meaning and Means (Agents)

ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਸਹੀ ਚੋਣ ਕਰਕੇ ਜਾਂ ਇੱਕ ਜਾਂ ਦੋ ਸ਼ਬਦਾਂ ਵਿੱਚ ਦਿਓ–

ੳ. ਲਾਹੌਰ ਦਰਬਾਰ ਦੇ ਆਖਰੀ ਮਹਾਰਾਜੇ ਦਾ ਕੀ ਨਾਮ ਸੀ ?

(i) ਮਹਾਰਾਜਾ ਸ਼ੇਰ ਸਿੰਘ (iii) ਮਹਾਰਾਜਾ ਨੌਂ-ਨਿਹਾਲ ਸਿੰਘ

(ii) ਮਹਾਰਾਣੀ ਜਿੰਦ ਕੌਰ (iv) **ਮਹਾਰਾਜਾ ਦਲੀਪ ਸਿੰਘ**

ਅ. ਮਹਾਰਾਜਾ ਦਲੀਪ ਸਿੰਘ ਦੀ ਪੰਜਾਬੀ ਪਛਾਣ ਨੂੰ ਅੰਗਰੇਜ਼ੀ ਸਮਾਜੀਕਰਨ ਰਾਹੀਂ ਬਦਲ ਕੇ ਕਿਹੜਾ ਨਾਮ ਦਿੱਤਾ ਗਿਆ ?

(i) ਸਵਰਨ ਸਿੰਘ (iii) **ਬਲੈਕ ਪ੍ਰਿੰਸ**

(ii) ਗ੍ਰੇਟ ਕਿੰਗ (iv) ਸ਼ਾਹੀ ਰਾਜਕੁਮਾਰ

ੲ. ਅੰਗਰੇਜ਼ਾਂ ਦੁਆਰਾ ਮਹਾਰਾਜਾ ਦਲੀਪ ਸਿੰਘ ਦੇ ਵਿਚਾਰਾਂ ਅਤੇ ਸੱਭਿਆਚਾਰ ਨੂੰ ਬਦਲਣ ਲਈ ਵਰਤੀ ਗਈ ਵਿਧੀ ਨੂੰ ਅਸੀਂ ਕੀ ਕਹਿੰਦੇ ਹਾਂ ?

(i) **ਰਾਜਨੀਤਕ ਸਮਾਜੀਕਰਨ** (iii) ਮੁੱਢਲੀ ਪਛਾਣ

(ii) ਆਰਥਿਕ ਸਮਾਜੀਕਰਨ (iv) ਸਹਾਇਕ ਪਛਾਣ

ਸ. "ਪੂੰਜੀਵਾਦ ਸਮਾਜ ਵਿੱਚ ਲੋਕਾਂ ਦੇ ਮਨਾਂ ਅੰਦਰ ਰਾਜਨੀਤਕ ਸਤ੍ਹਾ ਪ੍ਰਤੀ ਸਹਿਮਤੀ ਦੀ ਭਾਵਨਾ ਪੈਦਾ ਕਰਨ ਲਈ ਸੱਭਿਅਕ ਸਮਾਜ ਦਾ ਨਿਰਮਾਣ ਕੀਤਾ ਜਾਂਦਾ ਹੈ ?" ਇਹ ਕਥਨ ਕਿਸਦਾ ਹੈ ?

ਉੱਤਰ :-

ਹ. ਰਾਜਨੀਤਕ ਸਮਾਜੀਕਰਨ ਦੇ ਕਿਸੇ ਇੱਕ ਸਾਧਨ ਦਾ ਨਾਮ ਲਿਖੋ ?

ਉੱਤਰ :- ਪਰਿਵਾਰ।

ਕ. ਫਰਾਂਸ ਦੀ ਕ੍ਰਾਂਤੀ ਕਦੋਂ ਹੋਈ ?

ਉੱਤਰ :- ਸੰਨ 1789।

ਖ. ਸੰਨ 1917 ਵਿੱਚ ਰੂਸ ਦੀ ਕ੍ਰਾਂਤੀ ਰਾਹੀਂ ਕਿਹੜੀ ਵਿਚਾਰਧਾਰਾ ਲਾਗੂ ਕੀਤੀ ਗਈ ?

ਉੱਤਰ :- ਸਮਾਜਵਾਦੀ ਵਿਚਾਰਧਾਰਾ।

II. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 5-8 ਵਾਕਾਂ ਵਿੱਚ ਦਿਓ :-

ੳ. ਮਹਾਰਾਜਾ ਦਲੀਪ ਸਿੰਘ ਸਮਾਜਿਕ ਅਤੇ ਰਾਜਨੀਤਕ ਸਮਾਜੀਕਰਨ ਉਪਰ ਨੋਟ ਲਿਖੋ।

ਉੱਤਰ :- ਪੰਜਾਬ ਦੇ ਸਿੱਖ ਸਾਮਰਾਜ ਦੇ ਅੰਤਮ ਹੁਕਮਰਾਨ ਮਹਾਰਾਜਾ ਦਲੀਪ ਸਿੰਘ ਜਿਨ੍ਹਾਂ ਦੀ ਉਮਰ ਸੰਨ 1843 ਵਿੱਚ ਮਹਾਰਾਜਾ ਬਣਨ ਵੇਲੇ, ਸਿਰਫ਼ 05 ਸਾਲ ਦੀ ਹੀ ਸੀ, ਨੂੰ ਪੰਜਾਬ ਦੀ ਹੁਕਮਰਾਨੀ ਤੋਂ ਵੱਖ ਕਰ ਦਿੱਤਾ ਗਿਆ ਤੇ ਉਨ੍ਹਾਂ ਦੀ ਮਾਤਾ ਮਹਾਰਾਣੀ ਜਿੰਦ ਕੌਰ ਤੋਂ ਵੀ ਵੱਖ ਕਰਕੇ ਮਈ, 1854 ਵਿੱਚ ਮਹਾਰਾਜਾ ਦਲੀਪ ਸਿੰਘ ਨੂੰ ਸਾਜ਼ਿਸ਼ ਤਹਿਤ ਬਰਤਾਨੀਆਂ ਭੇਜ ਦਿੱਤਾ ਜਿੱਥੇ ਮਹਾਰਾਜਾ ਦਲੀਪ ਸਿੰਘ ਦਾ ਪਾਲਣ ਪੋਸ਼ਣ ਬਰਤਾਨਵੀ ਹਕੂਮਤ ਦੀ ਦੇਖ ਰੇਖ ਹੇਠ ਈਸਾਈ ਰਵਾਇਤਾਂ ਅਨੁਸਾਰ ਡਾ. ਜੌਹਨ ਲੌਗਿਨ (Dr. John Login) ਅਤੇ ਉਸਦੀ ਲੇਡੀ ਲੇਨਾ (Lady Lena) ਬਰਤਾਨਵੀਂ ਹਕੂਮਤ ਨੇ ਇਸ ਕਾਰਵਾਈ ਨਾਲ ਤਿੰਨ ਪ੍ਰਾਪਤੀਆਂ ਕਰਨੀਆਂ ਚਾਹੀਆਂ। ਪਹਿਲੀ: ਪੰਜਾਬ ਨੂੰ ਉਸਦੀ ਆਪਣੀ ਸਰਕਾਰ ਤੋਂ ਵੱਖ ਕਰ ਦਿੱਤਾ । ਦੂਸਰਾ ਨਾਬਾਲਗ ਦਲੀਪ ਸਿੰਘ ਨੂੰ ਉਨ੍ਹਾਂ ਦੀ ਹੀ ਮਾਤਾ ਮਹਾਰਾਣੀ ਜਿੰਦ ਕੌਰ ਤੋਂ ਦੂਰ ਕਰ ਦਿੱਤਾ। ਤੀਸਰਾ: ਕੰਵਰ ਦਲੀਪ ਸਿੰਘ ਨੂੰ ਉਨ੍ਹਾਂ ਦੀ ਜੱਦੀ ਅਮੀਰ ਵਿਰਾਸਤ ਤੋਂ ਦੂਰ ਕਰਕੇ ਬੇਗਾਨੀਆਂ ਕਦਰਾਂ-ਕੀਮਤਾਂ ਦੇ ਹਵਾਲੇ ਕਰ ਦਿੱਤਾ।

ਬਰਤਾਨਵੀਂ ਹੁਕਮਤ ਦਾ ਉਦੇਸ਼ ਪੰਜਾਬ ਵਿਚਲੇ ਸਿੱਖ ਰਾਜ ਨੂੰ ਜੜ੍ਹੋਂ ਖ਼ਤਮ ਕਰਨਾ ਸੀ ਜਿਸਨੇ ਲਗਭਗ ਨੌਂ ਦਹਾਕੇ ਅੰਗਰੇਜ਼ ਹਕੂਮਤ ਨੂੰ ਦੱਖਣੀ ਏਸ਼ਿਆਈ ਖਿੱਤੇ ਉੱਤੇ ਪੂਰਨ ਹੁਕਮਰਾਨ ਬਣਨ ਤੋਂ ਰੋਕੀ ਰੱਖਿਆ ਸੀ ਅਤੇ ਉਹ ਸਿੱਖ ਰਾਜ ਦੇ ਆਖਰੀ ਬਾਦਸ਼ਾਹ ਤੇ ਹੁਕਮਰਾਨੀ ਸੋਚ, ਇੱਛਾ ਤੇ ਸੂਝ ਨੂੰ ਜੜ੍ਹੋਂ ਖ਼ਤਮ ਕਰਕੇ, ਕੰਵਰ ਦਲੀਪ ਸਿੰਘ ਨੂੰ ਬਰਤਾਨਵੀਂ ਰਾਜਨੀਤਕ ਪ੍ਰਣਾਲੀ ਪੱਖੀ ਬਣਾ ਦੇਣ ਦੇ ਇਛੁੱਕ ਸਨ। ਇਸੇ ਲਈ ਕੰਵਰ ਦਲੀਪ ਸਿੰਘ ਨੂੰ ਭੋਗ-ਵਿਲਾਸ ਦੀਆਂ ਸਾਰੀਆਂ ਸਹੂਲਤਾਂ ਮੁਹੱਈਆ ਕਾਰਵਾਈਆਂ ਗਈਆਂ ਤੇ ਪੰਜਾਬ ਦੇ ਆਖਰੀ ਰਾਜੇ ਜਿਸਨੂੰ ਪੰਜਾਬ ਮਹਾਰਾਜਾ ਮੰਨਦਾ ਸੀ, ਨੂੰ ਰਾਜਕੁਮਾਰ (Prince) ਆਖ ਕੇ ਅਹਿਸਾਸ ਕਰਵਾਇਆ ਜਾਣ ਲੱਗਾ ਕਿ ਉਹ ਹੁਕਮਰਾਨ ਨਹੀਂ ਸੀ।

ਅ. ਪ੍ਰਤੱਖ ਰਾਜਨੀਤਕ ਸਮਾਜੀਕਰਨ ਤੋਂ ਕੀ ਭਾਵ ਹੈ?

ਉੱਤਰ :- ਸਮਾਜੀਕਰਨ ਤੋਂ ਭਾਵ ਹੈ, ਪ੍ਰਤੱਖ ਢੰਗ ਰਾਹੀਂ ਰਾਜਨੀਤਕ ਪ੍ਰਣਾਲੀ ਪ੍ਰਤੀ ਗਿਆਨ ਜਾਂ ਜਾਣਕਾਰੀ ਪ੍ਰਾਪਤ ਕਰਨਾ । ਇਸ ਰੂਪ ਵਿੱਚ ਬੱਚੇ ਜਾਂ ਵਿਅਕਤੀ ਨੂੰ ਰਾਜਨੀਤਕ ਵਿਹਾਰ ਕਰਨ ਲਈ, ਉਚੇਚੇ ਤੌਰ 'ਤੇ ਰਾਜਨੀਤਕ ਪ੍ਰਣਾਲੀ ਦੇ ਉਦੇਸ਼ਾਂ, ਢਾਂਚਿਆਂ ਵਿਚਾਰਧਰਾਵਾਂ ਅਤੇ ਰਾਜਨੀਤਕ ਮੁੱਲਾਂ ਨਾਲ ਵੱਖ-ਵੱਖ ਸਾਧਨਾਂ ਰਾਹੀ ਸਿਖਲਾਈ ਦਿੱਤੀ ਜਾਂਦੀ ਹੈ । ਰਾਜਨੀਤਕ ਸਮਾਜੀਕਰਤ ਦਾ ਇਹ ਰੂਪ ਸਾਮਵਾਦੀ ਰਾਜਨੀਤਕ ਢਾਂਚਿਆਂ ਵਿੱਚ ਮਿਲਦਾ ਹੈ। ਉਦਾਹਰਨ ਦੇ ਤੌਰ 'ਤੇ ਚੀਨ, ਉੱਤਰੀ ਕੋਰੀਆ ਆ ਸਾਮਵਾਦੀ ਦੇਸ਼ਾਂ ਵਿੱਚ ਅਜਿਹੀ ਸਿਖਲਾਈ ਪ੍ਰਚਲਤ ਹੈ।

ੲ. ਅਪ੍ਰਤੱਖ ਜਾ ਗੁਪਤ ਰਾਜਨੀਤਕ ਸਮਾਜੀਕਰਨ ਬਾਰੇ ਲਿਖੋ।

ਉੱਤਰ :- ਅਪ੍ਰਤੱਖ ਰਾਜਨੀਤਕ ਸਮਾਜੀਕਰਨ ਤੋਂ ਭਾਵ ਹੈ ਕਿ ਜਦੋਂ ਵਿਅਕਤੀ ਆਪ, ਆਪਣੇ ਨਿੱਜੀ ਤਜ਼ਰਬਿਆਂ, ਸਵੈ ਅਨੁਭਵ (Self-Observation) ਗੈਰ ਰਸਮੀ ਢੰਗਾਂ ਜਾਂ ਸੰਸਥਾਵਾਂ (ਜਿਵੇਂ; ਪਰਿਵਾਰ, ਸੰਚਾਰ ਸਾਧਨਾਂ, ਦੋਸਤਾਂ ਆਦਿ) ਰਾਹੀਂ ਰਾਜਨੀਤਕ ਘਟਨਾਵਾਂ, ਮੁੱਦਿਆਂ, ਰਾਜਨੀਤਕ ਸੰਸਥਾਵਾਂ ਦੀ ਬਣਤਰ ਅਤੇ ਕਾਰਜਸ਼ੈਲੀ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਸਮਝ ਬਣਾਉਂਦੇ ਹੈ, ਤਾਂ ਇਹ ਪ੍ਰਕਿਰਿਆ ਅਪ੍ਰੱਤਖ ਰਾਜਨੀਤਕ ਸਮਾਜੀਕਰਨ ਕਹਾਉਂਦੀ ਹੈ। ਰਾਜਨੀਤਕ ਸਮਾਜੀਕਰਨ ਦਾ ਇਹ ਰੂਪ ਉਦਾਰਵਾਦੀ ਲੋਕਤੰਤਰੀ ਦੇਸ਼ਾਂ ਸੰਯੁਕਤ ਰਾਜ ਅਮਰੀਕਾ, ਫ਼ਰਾਂਸ, ਭਾਰਤ ਆਦਿ ਵਿੱਚ ਦੇਖਣ ਨੂੰ ਮਿਲਦਾ ਹੈ। ਰਾਜਨੀਤਕ ਸਮਾਜੀਕਰਨ ਦੀ ਲੋੜ ਰਾਜਨੀਤਕ ਪ੍ਰਣਾਲੀ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਹੁੰਦੀ ਹੈ। ਵਿਅਕਤੀ ਰਾਜਨੀਤਕ ਪ੍ਰਣਾਲੀ ਦੇ ਢਾਂਚਿਆਂ ਅਤੇ ਕਾਰਜਸ਼ੀਲਤਾ ਬਾਰੇ ਜਾਣਕਾਰੀ ਹੋਣ ਨਾਲ, ਰਾਜਨੀਤਕ ਪ੍ਰਣਾਲੀ ਸਬੰਧੀ ਸਮਤ ਬਣਾਉਂਦਾ ਹੈ ਅਤੇ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਉਣ ਦੀ ਕੋਸ਼ਿਸ ਕਰਦਾ ਹੈ । ਇਸ ਨਾਲ ਰਾਜਨੀਤਕ ਪ੍ਰਣਾਲੀ ਵਿਚ ਲੋਕਾਂ ਦੀ ਭਰੋਸੇ ਯੋਗਤਾ ਵੱਧਦੀ ਹੈ।

III ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 50-60 ਸਤਰਾਂ ਵਿੱਚ ਲਿਖੋ :-

ੳ. ਰਾਜਨੀਤਕ ਸਮਾਜੀਕਰਨ ਦੇ ਸਾਧਨਾਂ ਦਾ ਵਰਨਣ ਕਰੋ।

ਉੱਤਰ :- ਰਾਜਨੀਤਕ ਸਮਾਜੀਕਰਨ ਦੇ ਸਾਧਨ (Institutions and Agents of Political Sociolination)

ਰਾਜਨੀਕ ਸਮਾਜੀਕਰਨ ਦੇ ਏਜੇਂਟਾਂ ਤੋਂ ਭਾਵ ਉਹਨਾਂ ਸੰਸਥਾਵਾਂ ਤੇ ਸਾਧਨਾਂ ਤੋਂ ਹੋ ਜਿਨ੍ਹਾਂ ਰਾਈ ਰਾਜਨੀਤਕ ਸਮਾਜੀਕਰਨ ਦੀ ਪ੍ਰਕਿਰਿਆ ਨਿਰੰਤਰ ਚਲਦੀ ਰਹਿੰਦੀ ਹੈ ਅਤੇ ਸੰਸਥਾਵਾਂ ਲੋਕਾਂ ਨੂੰ ਰਾਜਨੀਰਥ ਸੱਭਿਆਚਾਰ ਸਿਖਾਉਂਦੀ ਹਨ । ਇਨ੍ਹਾਂ ਸਾਧਨ ਦਾ ਵਰਣਨ ਇਸ ਪ੍ਰਕਾਰ ਹੈ।

1.ਪਰਿਵਾਰ ( Family) ਪਰਿਵਾਰ ਨੂੰ ਨਾਗਰਿਕ ਗੁਣਾਂ ਦਾ ਪੰਘੂੜਾ ਜਾਂ ਨਰਸਰੀ ਵੀ ਕਿਹਾ ਜਾਂਦਾ ਹੈ। ਪਰਿਵਾਰ ਵਿਚ ਗ੍ਰਹਿਣ ਕੀਤੇ ਗੁਣਾਂ ਅਤੇ ਪ੍ਰਭਾਵਾਂ ਦਾ ਮਨੁੱਖੀ ਜੀਵਨ ਉਪਰ ਡੂੰਘਾ ਅਸਰ ਪੈਂਦਾ ਹੈ ਅਤੇ ਇਹ ਵਿਅਕਤੀ ਦੀ ਸ਼ਖਸੀਅਤ ਦੇ ਨਿਰਮਾਣ ਦਾ ਅਧਾਰ ਤਿਆਰ ਕਰਦੇ ਹਨ। ਪਰਿਵਾਰ, ਸਮਾਜ ਦੇ ਰੀਤੀ ਰਿਵਾਜਾਂ, ਆਦਤਾਂ ਤੇ ਮੁੱਲਾਂ ਨੂੰ ਸਿੱਖਣ-ਸਿਖਾਉਣ ਦਾ ਮਹੱਤਵਪੂਰਨ ਪੜਾਅ ਹੈ। ਪਰਿਵਾਰ ਦੇ ਮੈਂਬਰ ਵਿੱਚ ਮਾਤਾ-ਪਿਤਾ, ਭੈਣ ਭਰਾ ਅਤੇ ਦਾਦਾ-ਦਾਦੀ ਮੁੱਖ ਤੌਰ 'ਤੇ ਸਮਾਜੀਕਰਨ = ਖ਼ਾਸ ਸਰੋਤ ਹਨ। ਅਸੀਂ ਰਾਜਨੀਤਕ ਸਮਾਜੀਕਰਨ ਦੇ ਅਰਥਾਂ ਨੂੰ ਜਿਵੇਂ ਸਮਝਿਆ ਹੈ ਕਿ ਰਾਜਨੀਤਕ ਸਮਾਜੀਕਰਨ ਰਾਜਨੀਤਕ ਪ੍ਰਣਾਲੀ ਪ੍ਰਤੀ ਵਿਸ਼ਵਾਸਾਂ, ਸੋਚਾਂ, ਗਿਆਨ ਤੇ ਦ੍ਰਿਸ਼ਟੀਕੋਣਾਂ ਨੂੰ ਸਿੱਖਣ ਦਾ ਵਰਤਾਰਾ ਹੈ, ਇਸੇ ਤਰ੍ਹਾਂ ਆਰੰਭ ਵਿੱਚ ਹਰਿਵਾਰ ਵਿੱਚ ਸਾਰੇ ਮੈਂਬਰਾਂ ਦਾ ਰਾਜਨੀਤਕ ਗਿਆਨ ਤੇ ਰਾਜਨੀਤਕ ਵਿਹਾਰ ਹੀ ਪਰਿਵਾਰ ਦੇ ਦੂਸਰੇ ਮੈਂਬਰਾਂ ਦੇ ਰਾਜਨੀਤਕ ਜੁਆਨ ਤੇ ਵਿਹਾਰ ਦਾ ਅਧਾਰ ਬਣਦਾ ਹੈ ਅਤੇ ਕਈ ਢੰਗਾਂ ਨਾਲ ਗਿਆਨ ਅਤੇ ਵਿਹਾਰ ਦੇ ਪੱਖਾਂ ਨੂੰ ਨਿਰਧਾਰਤ ਕਰਦਾ ਹੈ। ਬ ਬੱਚਾ ਘਰ ਵਿੱਚ ਰਹਿੰਦੇ ਹੋਏ, ਮਾਪਿਆਂ ਵੱਲੋਂ ਕੀਤੇ ਜਾਂਦੇ ਕਾਰਜਾਂ ਅਤੇ ਨਿਭਾਈਆਂ ਜਾਂਦੀਆਂ ਜ਼ਿੰਮੇਵਾਰੀਆਂ ਨੂੰ ਦੇਖਦਾ ਹੈ, ਤਵਾਰ ਦੇ ਮੈਂਬਰਾਂ ਵੱਲੋਂ ਵੱਖ-ਵੱਖ ਹਾਲਾਤ ਵਿਚ ਲਏ ਜਾਂਦੇ ਫੈਸਲਿਆਂ ਨੂੰ ਦੇਖਦਾ ਅਤੇ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਇਵੇਂ ਜਦੋਂ ਘਰ ਵਿਚ ਪਰਿਵਾਰਕ, ਮੈਂਬਰ ਰਾਜਨੀਤਕ ਮੁੱਦਿਆਂ ਉਤੇ ਆਪਸ ਵਿੱਚ ਵਿਚਾਰ ਵਟਾਂਦਰਾ ਕਰਦੇ ਹਨ ਤਾਂ ਉਹ ਬੱਚਾ ਵਨੀਤਕ ਪ੍ਰਣਾਲੀ ਦੇ ਮੁੱਦਿਆਂ, ਰਾਜਨੀਤਕ ਢਾਂਚਿਆਂ ਦੀ ਬਣਤਰ ਅਤੇ ਉਨ੍ਹਾਂ ਦੀ ਕਾਰਜਸ਼ੈਲੀ ਆਦਿ ਬਾਰੇ ਵੀ ਆਪਣੀ ਵਕਾਰੀ ਤੇ ਗਿਆਨ ਵਿੱਚ ਵਾਧਾ ਕਰਦਾ ਹੈ ਅਤੇ ਕੁਦਰਤੀ ਹੀ ਆਪਣੀ ਰਾਜਨੀਤਕ ਸਮਝ ਬਨਾਉਣ ਦੀ ਕੋਸ਼ਿਸ਼ ਕਰਦਾ ਹੈ ਤਰ੍ਹਾਂ ਤੇ ਘਰ ਵਿੱਚ ਰਹਿੰਦਿਆਂ ਬੱਚਾ ਪਰਿਵਾਰ ਵਿੱਚ ਮਿਲਣ ਵਾਲੀਆਂ ਸਹੂਲਤਾਂ ਨੂੰ ਮਾਣਦਾ ਹੈ ਅਤੇ ਇਸ ਤਰ੍ਹਾਂ ਬੱਚੇ ਦੇ ਵਿੱਚ ਇੱਛਾਵਾਂ ਅਤੇ ਮੰਗਾਂ (Demands) ਪੈਦਾ ਹੋਣ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ ਅਤੇ ਇਹ ਇੱਛਾਵਾਂ ਅਤੇ ਮੇਰਾ ਣ ਵਾਲੇ ਸਮੇਂ ਵਿੱਚ ਅਧਿਕਾਰਾਂ ਦਾ ਰੂਪ ਧਾਰ ਲੈਂਦੀਆਂ ਹਨ। ਬੱਚੇ ਅੰਦਰ ਪਰਿਵਾਰਕ ਮੈਂਬਰਾਂ ਦੇ ਛੋਟੇ-ਛੋਟੇ ਕੰਮਾਂ ਵਿਜੋਗ ਦੀ ਭਾਵਨਾ, ਕਰੱਤਵਾਂ ਪ੍ਰਤੀ ਦ੍ਰਿੜਤਾ ਦਾ ਅਧਾਰ ਪੈਦਾ ਕਰਦੀ ਹੈ।

2.ਵਿੱਦਿਅਕ ਸੰਸਥਾਵਾਂ (Educational Institutions): ਰਾਜਨੀਤਕ ਸਮਾਜੀਕਰਨ ਦਾ ਦੂਸਰਾ ਮੁੱਖ ਸਰੋਤ ਸਾਧਨ ਜਾ ਏਜੰਟ ਵਿੱਦਿਅਕ ਸੰਸਥਾਵਾਂ ਹੁੰਦੀਆਂ ਹਨ। ਇਹ ਵਿਦਿਅਕ ਸੰਸਥਾਵਾਂ ਸਕੂਲ, ਕਾਲਜ, ਯੂਨੀਵਰਸਿਟੀਆ, ਜਨਤਕ ਲਾਇਬ੍ਰੇਰੀਆਂ ਤਾਂ ਹਨ ਹੀ ਸਗੋਂ ਸਿਵਲ ਸੇਵਾਵਾ ਆਦਿ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਵਾਉਣ ਵਾਲੇ ਕੋਚਿੰਗ ਕੇਂਦਰ ਵੀ ਰਾਜਨੀਤਕ ਸਮਾਜੀਕਰਨ ਦੀ ਪ੍ਰਕਿਰਿਆ ਦੇ ਰਸਮੀ (ਪ੍ਰਤੱਖ ਰਾਜਨੀਤਕ ਗਿਆਨ ਤੇ ਜਾਣਕਾਰੀ) ਢੰਗ ਨਾਲ ਸਿਖਾਉਣ ਵਾਲੇ ਮਹੱਤਵਪੂਰਨ (ਏਜੰਟ) ਹਨ। ਸਕੂਲ ਪੱਧਰ 'ਤੇ ਵਿਦਿਆਰਥੀਆਂ ਵਿਚ ਨਾਗਰਿਕ ਗੁਣ ਕਰਨ ਲਈ ਪਾਠ-ਪੁਸਤਕਾਂ ਅਤੇ ਸਿਲੇਬਸਾਂ ਵਿਚ ਰਾਜਨੀਤਕ ਸੰਸਥਾਵਾਂ, ਸੰਵਿਧਾਨਿਕ ਨਿਯਮਾਂ, ਕਰੱਤਵਾਂ, ਅਧਿਕਾਰਾਂ ਆਦਿ ਦੀ ਜਾਣਕਾਰੀ ਦਿੱਤੀ ਜਾਣਾ, ਸਕੂਲਾਂ ਵਿਚ ਵੱਖ-ਵੱਖ ਦਿਨ ਜਿਵੇਂ ਸੁਤੰਤਰਤਾ ਦਿਵਸ, ਗਣਤੰਤਰ ਦਿਵਸ ਜਾਂ ਸੰਵਿਧਾਨਿਕ ਦਿਵਸ ਮਨਾਏ ਜਾਂਦੇ ਹਨ ਆਦਿ ਉਸ ਪ੍ਰਕਿਰਿਆ ਦੇ ਸਰੋਤ ਹਨ। ਅਜਿਹੇ ਮੌਕਿਆਂ ਉਤੇ ਵਿਦਿਆਰਥੀ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਵਿਚ ਭਾਗ ਲੈਂਦੇ ਹਨ। ਸੰਵਿਧਾਨਕ ਸੰਸਥਾਵਾਂ ਦੀ ਜਾਣਕਾਰੀ ਸਬੰਧੀ ਕੁਈਜ਼ ਮੁਕਾਬਲੇ ਕਰਵਾਏ ਜਾਂਦੇ ਹਨ। ਵਿਦਿਆਰਥੀ ਬਹਿਸ ਮੁਕਾਬਲਿਆ, ਪੋਸਟਰ, ਮਾਡਲ ਵਿੱਚ ਹਿੱਸਾ ਲੈਂਦੇ ਹਨ। ਸਕੂਲ ਦੀ ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਨੈਤਿਕ ਮੁੱਲਾ ਆਦਿ ਦੇਸ਼-ਵਿਦੇਸ਼ ਵਿਚ ਵਾਪਰਦੀਆਂ ਰਾਜਨੀਤਕ ਘਟਨਾਵਾਂ ਤੇ ਚਲੰਤ ਰਾਜਨੀਤਕ ਮੁੱਦਿਆਂ ਦੀ ਜਾਣਕਾਰੀ ਦੇਣ ਦਾ ਮਹੱਤਵਪੂਰਨ ਸਰਗਰਮੀ ਕੀਤੀ ਜਾਂਦੀ ਹੈ। ਕਾਲਜ ਅਤੇ ਯੂਨੀਵਰਸਿਟੀਆ ਜਿਹੇ ਵਿਦਿਅਕ ਖੇਤਰ ਰਾਜਨੀਤਕ ਸਮਾਜੀਕਰਨ ਦੇ ਉਤੱਮ ਸਥਾਨ ਹਨ। ਯੂਨੀਵਰਸਿਟੀਆਂ ਅਜਿਹੇ ਵਿਦਿਅਕ ਕੇਂਦਰ ਹਨ ਜਿਥੇ ਵੱਖ ਵੱਖ ਰਾਜਨੀਤਕ ਸਮੱਸਿਆਵਾਂ ਅਤੇ ਮੁੱਦਿਆਂ ਡੂੰਘੀ ਖੋਜ ਕੀਤੀ ਜਾਂਦੀ ਹੈ ਅਤੇ ਨਵੇਂ

ਹੱਲ ਲੱਭਣ ਦਾ ਆਪਣੇ ਪੱਧਰਾਂ 'ਤੇ ਕੀਤੇ ਜਾਂਦੇ ਹਨ। ਰਾਜਨੀਤਕ ਨੀਤੀਆਂ ਅਤੇ ਘਟਨਾਵਾਂ ਦੇ ਵੱਖ-ਵੱਖ ਕਾਰਕਾਂ ਦੇ ਅਧਿਐਨ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਇਹ ਕੇਂਦਰ ਸੁਚਾਰੂ ਵਿਚਾਰ-ਵਟਾਂਦਰ ਦੀ ਨਿੱਘੀ ਥਾਂ ਵੀ ਹੁੰਦੇ ਹਨ ਜਿੱਥੇ ਚਲੰਤ ਮੁੱਦਿਆ ਅਤੇ ਵੱਖੋ-ਵੱਖਰੇ ਵਿਸ਼ਿਆਂ ਉਪਰ ਸੈਮੀਨਾਰ, ਕਾਨਫਰੰਸਾਂ ਤੇ ਵਿਚਾਰ ਗੋਸ਼ਟੀਆਂ ਵੀ ਕਰਵਾਈਆਂ ਜਾਂਦੀਆਂ ਹਨ।

(3) ਜਨ ਸੰਚਾਰ ਮਾਧਿਅਮ ਸੋਸ਼ਲ ਮੀਡੀਆ ਅਤੇ ਛਪਾਈ ਮਾਧਿਅਮ । Mass Media. Social Media and Print Media): ਜਨ ਸੰਚਾਰ ਦੇ ਮਾਧਿਅਮ, ਸੋਸ਼ਲ ਮੀਡੀਆ ਅਤੇ ਛਾਪਈ ਮਾਧਿਅਮ ਰਾਜਨੀਤਕ ਸੂਚਨਾਵਾਂ ਅਤੇ ਜਾਣਕਾਰੀਆਂ ਦੇ ਸੰਚਾਰ ਦਾ ਮਹੱਤਵਪੂਰਨ ਅਤੇ ਭਰੋਸੇਮੰਦ ਸਾਧਨ ਹੁੰਦੇ ਹਨ। ਜਨ ਸੰਚਾਰ ਦੇ ਸਾਧਨਾਂ ਵਿੱਚ ਟੈਲੀਵਿਜ਼ਨ ਅਤੇ ਰੇਡੀਓ, ਸੋਸ਼ਲ , (Facebook) . (Whatsapp) (Youtube) (X) .(Instagram) ਟੈਲੀਗ੍ਰਾਮ (Telegram) ਅਤੇ ਛਪਾਈ ਮਾਧਿਅਮਾਂ ਵਿੱਚ ਵੱਖ-ਵੱਖ ਖੇਤਰੀ, ਕੌਮੀ ਅਤੇ ਕੌਮਾਂਤਰੀ ਭਾਸ਼ਾਵਾਂ (The Hindu. The Indian Express, The York Times, The Gudadian), (Yojana) ਆਦਿ ਸੰਚਾਰ ਸਾਧਨਾਂ ਦੀਆਂ ਉਦਾਹਰਣਾਂ ਹਨ। ਇਸ ਤੋਂ ਇਲਾਵਾ ਸਾਹਿਤਕ ਪੁਸਤਕਾਂ ਵੀ ਵਿਅਤੀਆਂ ਦਾ ਰਾਜਨੀਤਕ ਸਮਾਜੀਕਰਨ ਕਰਦੀਆਂ ਹਨ। ਇਹ ਸਾਰੇ ਸਾਧਨ ਰਾਜਨੀਤੀ ਸੂਚਨਾਵਾਂ ਅਤੇ ਜਾਣਕਾਰੀਆਂ ਦੇ ਸੰਚਾਰ ਲੋਕਾਂ ਤੱਕ ਕਰਕੇ ਉਨ੍ਹਾਂ ਦੇ ਰਾਜਨੀਤੀ ਸਮਾਜੀਕਰਨ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ। ਇਹਨਾਂ ਸੰਚਾਰ ਸਾਧਨਾਂ ਦਾ ਨਿਰਪੱਖ ਤੇ ਈਮਾਨਦਾਰ ਰਹਿਣਾ ਬਹੁਤ ਜ਼ਰੂਰੀ ਹੈ। ਰਾਜਨੀਤੀ ਸੱਭਿਆਚਾਰ ਦਾ ਦੂਜੀਆਂ ਪੀੜੀਆਂ ਨੂੰ ਪੁਚਾਉਣਾ ਰਾਜਨੀਤੀ ਪ੍ਰਣਾਲੀ ਦੀ ਕਾਰਜਸ਼ੀਲਤਾ ਅਤੇ ਸਥਿਰਤਾ ਲਈ ਬਹੁਤ ਜਰੂਰੀ ਹੈ। ਇਸ ਲਈ ਰਾਜਨੀਤੀ ਸੱਭਿਆਚਾਰ ਦੇ ਵਾਹਕ ਦੇ ਰੂਪ ਵਿਚ ਰਾਜਨੀਤੀ ਸਮਾਜੀਕਰਨ ਦੇ ਸਾਧਨਾ ਦੀ ਭੂਮਿਕਾ ਮਹੱਤਵਪੂਰਨ ਹੈ।

(4) ਹਿੱਤ ਸਮੂਹ ਅਤੇ ਦਬਾਅ ਸਮੂਹ (Role of Interest group & Pressure group):

ਹਿੱਤ ਸਮੂਹ ਉਹ ਸਮੂਹ ਹਨ ਜੋ ਆਪਣੀਆਂ ਸਾਂਝੀਆਂ ਮੰਗਾਂ, ਸਮੱਸਿਆਵਾਂ, ਹਿੱਤਾਂ ਜਾ ਸਾਂਝੇ ਉਦੇਸ਼ ਲਈ ਸੰਗਠਤ ਰੂਪ ਨਾਲ ਇੱਕਠੇ ਹੁੰਦੇ ਹਨ। ਹਿੱਤ ਸਮੂਹ ਜਦੋਂ ਆਪਣੀਆ ਮੰਗਾਂ ਅਤੇ ਸਮੱਸਿਆਵਾਂ ਲਈ ਸਰਕਾਰ ਨੂੰ ਮੰਗਾਂ ਮੰਨਣ ਲਈ ਮਨਾਉਂਦੇ ਜਾਂ ਮਜਬੂਰ ਕਰਦੇ ਹੋਣ ਤਾਂ ਇਹ ਹਿੱਤ ਸਮੂਹ, ਦਬਾਅ ਸਮੂਹਾਂ ਦਾ ਰੂਪ ਧਾਰਨ ਕਰ ਜਾਦੇ ਹਨ। ਇਸ ਲਈ ਇਹਨਾਂ ਸਮੂਹਾਂ ਦਾ ਰਾਜਨੀਤਕ ਪ੍ਰਣਾਲੀ ਦੀਆਂ ਨੀਤੀਆਂ ਅਤੇ ਕਾਰਜਸ਼ੀਲਤਾ ਨਾਲ ਪ੍ਰਤੱਖ ਜਾਂ ਅਪ੍ਰਤੱਖ ਰੂਪ ਨਾਲ ਸੰਪਰਕ ਬਣਿਆ ਰਹਿੰਦਾ ਹੈ, ਜੋ ਰਾਜਨੀਤਕ ਸਮਾਜੀਕਰਨ ਦੀ ਪ੍ਰਕਿਰਿਆ ਨੂੰ ਬਣਾਈ ਰੱਖਦੇ ਹਨ। ਇਹ ਹਿੱਤ ਸਮੂਹ ਅਤੇ ਦਬਾਅ ਸਮੂਹ ਆਪਣੀਆਂ ਮੰਗਾਂ ਅਤੇ ਮੁਸ਼ਕਲਾਂ ਦੇ ਹੱਲ ਲਈ ਸਰਕਾਰ ਦੇ ਵੱਖ-ਵੱਖ ਅੰਗਾਂ (ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ) ਅਤੇ ਸਰਕਾਰੀ ਅਧਿਕਾਰੀਆਂ (ਨੌਕਰਸ਼ਾਹੀ) ਨਾਲ ਸੰਪਰਕ ਕਰਦੇ ਹਨ ਅਤੇ ਬਿਨੈ-ਪੱਤਰਾਂ ਰਾਹੀਂ, ਮੰਗ-ਪੱਤਰਾਂ ਰਾਹੀਂ ਆਪਣੀ ਗੱਲ ਉਹਨਾਂ ਅੱਗੇ ਰੱਖਦੇ ਹਨ। ਇਸ ਨਾਲ ਹਿੱਤ ਸਮੂਹਾਂ ਅਤੇ ਦਬਾਅ ਸਮੂਹਾਂ ਨੂੰ ਸਰਕਾਰ ਦੇ ਰਵੱਈਏ ਅਤੇ ਕੰਮ ਕਰਨ ਦੀ ਸ਼ੈਲੀ ਦਾ ਸਕਾਰਾਤਮਕ (Positive) ਅਤੇ ਨਕਾਰਾਤਮਕ (Negative) ਪ੍ਰਤੀਕਿਰਿਆ ਬਾਰੇ ਗਿਆਨ ਹੁੰਦਾ ਹੈ। ਸਰਕਾਰ ਨੂੰ ਵੀ ਨੀਤੀਆਂ ਦੇ ਨਿਰਮਾਣ ਦੀ ਵਿਸ਼ਾ ਵਸਤੂ ਪ੍ਰਾਪਤ ਹੁੰਦੀ ਹੈ।

(5) ਰਾਜਨੀਤਿਕ ਅਤੇ ਸਮਾਜਿਕ ਅੰਦੋਲਨ (Political and Social Movements) ਲੜਾਈ (ਸੰਨ 1776) ਨੇ ਬਰਤਾਨਵੀ ਸਾਮਰਾਜ ਦੇ ਅੱਤਿਆਚਾਰਾਂ ਨੂੰ ਖ਼ਤਮ ਕਰਕੇ ਸੁਤੰਤਰਤਾ ਪ੍ਰਾਪਤ ਕੀਤੀ ਅਤੇ ਦੁਨੀਆ ਦੇ ਪਹਿਲੇ ਲਿਖਤੀ ਸੰਵਿਧਾਨ ਦੁਆਰਾ ਲੋਕਤੰਤਰ ਅਤੇ ਸ਼ਕਤੀਆਂ ਦੇ ਵਖਰੇਵੇਂ ਦੇ ਢਾਂਚ ਨੂੰ ਸਥਾਪਤ ਕਰਨ ਦਾ ਮੁੱਢ ਬੱਝਿਆ। ਫਰਾਂਸ ਦੀ ਕ੍ਰਾਂਤੀ (ਸੰਨ 1789) ਨੇ ਜਿੰਮੀਦਾਰੀ ਢਾਂਚੇ (Feudal System) ਨੂੰ ਖਤਮ ਕੀਤਾ ਅਤੇ ਫਰਾਂਸ ਦੇ ਅਸੀਮਤ ਰਾਜਤੰਤਰ ਨੂੰ ਉਲਟਾ ਕੇ ਸੁਤੰਤਰਤਾ (Liberty), ਸਮਾਨਤਾ (Equality) ਅਤੇ ਭਰਾਤਰੀ ਭਾਵ (ਭਾਈਚਾਰਾ/Fratemity ਜਿਹੇ ਮਹੱਤਵਪੂਰਨ ਵਿਚਾਰਾਂ ਨੂੰ ਉਭਰਿਆ।

ਸੰਨ 1917 ਵਿੱਚ ਰੂਸ ਦੀ ਕ੍ਰਾਂਤੀ, (Russian Revolution) ਨੇ ਰੂਸ ਵਿੱਚ ਤਾਨਾਸ਼ਾਹੀ ਸਮਰਾਜ ਨੂੰ ਬਦਲ ਦਿੱਤਾ ਅਤੇ ਦੁਨੀਆਂ ਦੀ ਪਹਿਲੀ ਸਮਾਜਵਾਦੀ ਵਿਚਾਰਧਾਰਾ ਉੱਤੇ ਅਧਾਰਤ ਲੈਨਿਨ (Lenin) ਦੀ ਅਗਵਾਈ ਵਿਚ ਸਰਕਾਰ ਬਣੀ □ □. (U.S.S.R-Union of Soviet Socialist Republic) ਰਾਸ਼ਟਰਪਤੀ ਨੈਲਸਨ ਮੰਡੇਲਾ ਨੇ ਸੰਸਥਾਗਤ ਨਸਲੀ ਵਿਤਕਰੇ (Apartheid a policy of segregation on ground of race)

ਦੇ ਖਿਲਾਫ 27 ਸਾਲਾਂ ਦੀ ਜੇਲ੍ਹ ਕੱਟੀ ਅਤੇ ਲੰਬੇ ਸੰਘਰਸ਼ ਤੋਂ ਬਾਅਦ 27 ਅਪ੍ਰੈਲ, 1994 ਨੂੰ ਆਜਾਦੀ ਪ੍ਰਾਪਤ ਕੀਤੀ। ਭਾਰਤ ਵਿੱਚ ਸੰਨ 1857 ਵਿੱਚ ਅੰਗਰੇਜਾਂ ਖਿਲਾਫ਼ ਸੈਨਿਕ ਵਿਦਰੋਹ ਅਤੇ ਬਾਅਦ ਵਿੱਚ ਸੁਤੰਤਰਤਾ ਲਈ ਲੜੇ ਵੱਖ-ਵੱਖ ਅੰਦੋਲਨਾਂ ਨੇ ਭਾਰਤੀਆਂ ਅੰਦਰ ਰਾਜਨੀਤਕ ਚੇਤਨਾ, ਏਕਤਾ ਅਤੇ ਜਾਗਰੂਕਤਾ ਪੈਦਾ ਕੀਤੀ। ਇਸੇ ਤਰ੍ਹਾਂ ਸਮਾਜਿਕ ਅੰਦੋਲਨ ਦੀ ਰਾਜਨੀਤਕ ਜਾਗਰੂਕਤਾ ਅਤੇ ਚੇਤਨਾ ਪੈਦਾ ਕਰਦੇ ਹਨ। ਬਰਤਾਨਵੀ ਹਕੂਮਤ ਸਮੇਂ ਭਾਰਤ ਵਿਚ ਜਾਤੀ ਵਿਤਕਰੇ ਖਿਲਾਫ਼ ਚਲਾਏ ਅੰਦੋਲਨ (ਸਵੈਮਾਨ ਅੰਦੋਲਨ ਈ ਵੀ ਪੇਰੀਆਰ ਰਾਮਾ ਸਵਾਮੀ) ਡਾ. ਬੀ. ਆਰ. ਅੰਬਦੇਕਰ ਦੁਆਰਾ ਚਲਾਏ ਦਲਿਤ ਅੰਦੋਲਨ ਅਤੇ ਮੰਦਰ ਅੰਦਰ ਦਾਖਲ (Temple Entry movement) ਆਦਿ ਸਮਾਜਿਕ ਅੰਦੋਲਨਾਂ ਨੇ ਰਾਜਨੀਤਕ ਸਮਾਜੀਕਰਨ ਵਿੱਚ ਅਹਿਮ ਭੂਮਿਕਾ ਨਿਭਾਈ।

( 6 ) ਰਾਜਨੀਤਕ ਦਲਾਂ ਦੀ ਭੂਮਿਕਾ (Role of Political parties) : ਰਾਜਨੀਤਕ ਦਲ ਆਧੁਨਿਕ ਲਕਤੰਤਰ ਦਾ ਮਜ਼ਬੂਤ ਅਧਾਰ ਹੁੰਦੇ ਹਨ । ਸਾਮਵਾਦੀ ਦੇਸ਼ਾਂ (ਚੀਨ, ਰੂਸ, ਕਿਊਬਾ ਆਦਿ) ਵਿੱਚ ਇੱਕ ਖ਼ਾਸ ਵਿਚਾਰਧਾਰਾ 'ਤੇ ਅਧਾਰਤ ਰਾਜਨੀਤਕ ਦਲ ਮੌਜੂਦ ਹਨ। ਰਾਜਨੀਤਕ ਦਲ ਹਮੇਸ਼ਾਂ ਸੱਤਾ ਪ੍ਰਾਪਤੀ ਜਾਂ ਸੱਤ੍ਹਾ ਵਿਚ ਕਾਬਜ਼ ਰਹਿਣ ਲਈ ਰਾਜਨੀਤਕ ਗਤੀਵਿਧੀਆਂ ਵਿੱਚ ਸ਼ਾਮਲ ਰਹਿੰਦੇ ਹਨ ਅਤੇ ਲੋਕਾਂ ਨੂੰ ਆਪਣੇ ਨਾਲ ਜੁੜਣ ਲਈ ਪ੍ਰੇਰਤ ਕਰਦੇ ਹਨ। ਸੱਤ੍ਹਾ ਵਿਚ ਰਾਜਨੀਤਕ ਦਲ ਲੋਕਾਂ ਨੂੰ ਆਪਣੀ ਸਰਕਾਰ ਦੀਆਂ ਪ੍ਰਾਪਤੀ ਦੀ ਜਾਣਕਾਰੀ ਅਤੇ ਸੂਚਨਾਵਾਂ ਵੱਖ-ਵੱਖ ਢੰਗਾਂ ਨਾਲ ਪਰੋਸਦੇ ਰਹਿੰਦੇ ਹਨ। ਤਾਂ ਜੋ ਲੋਕਾਂ ਦਾ ਉਹਨਾਂ ਦੇ ਰਾਜਨੀਤਕ ਦਲਾਂ ਦੀਆਂ ਨੀਤੀਆਂ ਅਤੇ ਵਿਚਾਰਧਾਰਾਵਾਂ ਵਿੱਚ ਭਰਸਾ ਬਣਿਆ ਰਹੇ ਅਤੇ ਸਰਕਾਰ ਦੇ ਖਿਲਾਫ਼ ਅਲੋਚਕਾਂ ਵਾਲਾ ਵਤੀਰਾ/ਵਿਹਾਰ ਨਾ ਬਣੇ।

ਇਸੇ ਤਰ੍ਹਾਂ ਸੱਤ੍ਹਾ ਤੋਂ ਬਾਹਰ ਭਾਵ ਵਿਰੋਧੀ ਰਾਜਨੀਤਕ ਦਲ ਸਰਕਾਰ ਦੀਆਂ ਗਲਤ ਨੀਤੀਆਂ ਦੀ ਜਾਣਕਾਰੀ ਲੋਕਾਂ ਨੂੰ ਦਿੰਦੇ ਹਨ। ਇਸ ਤਰ੍ਹਾਂ ਦੋਨੋਂ ਢੰਗਾਂ ਰਾਹੀਂ ਲੋਕਾਂ ਵਿੱਚ ਰਾਜਨੀਤਕ ਚੇਤਨਾ ਬਣਨ ਨਾਲ ਰਾਜਨੀਤਕ ਸਮਾਜੀਕਰਨ ਦੀ ਪ੍ਰਕਿਰਿਆ ਵੀ ਚਲਦੀ ਰਹਿੰਦੀ ਹੈ। ਇਸਦੇ ਨਾਲ ਹੀ ਚੋਣਾਂ ਦਾ ਸਮਾਂ ਲੋਕਾਂ ਲਈ ਰਾਜਨੀਤਕ ਸਮਾਜੀਕਰਨ ਦਾ ਚੰਗਾ ਮੌਕਾ ਪ੍ਰਦਾਨ ਕਰਦਾ ਹੈ। ਚੋਣਾਂ -ਮੇਂ ਰਾਜਨੀਤਕ ਦਲ ਆਪਣੇ ਉਮੀਦਵਾਰਾਂ ਦੇ ਹੱਕ ਵਿੱਚ ਘਰ, ਮਹੱਲੇ, ਪਿੰਡਾਂ, ਸ਼ਹਿਰਾਂ ਅਤੇ ਜਨਤਕ ਥਾਵਾਂ 'ਤੇ ਜਾ ਕੇ ਚਾਰ ਕਰਦੇ ਹਨ। ਲੋਕਾਂ ਨੂੰ ਆਪਣੀ ਪਾਰਟੀ ਦੇ ਚੋਣ ਮਨੋਰਥ ਪੱਤਰ (Election Manifesto) ਬਾਰੇ ਜਾਣਕਾਰੀ ਦਿੰਦੇ ਹਨ। ਲੋਕਾਂ ਕੋਲ ਵੀ ਮੌਕਾ ਹੁੰਦਾ ਹੈ ਕਿ ਉਹ ਆਪਣੀਆਂ ਮੰਗਾਂ ਨੂੰ ਰਾਜਨੀਤਕ ਦਲਾਂ ਦੇ ਉਮੀਦਵਾਰਾਂ ਤੱਕ ਪੁਚਾਉਣ।

7. (International Interaction) : ਵਿਸ਼ਵ ਸਮਾਜ ਤੋਂ ਇੱਕਲਿਆਂ ਰਹਿ ਕੇ ਕਾਰਜ ਜਾਂ ਆਪਣੇ ਉਦੇਸ਼ਾਂ (ਹਿੱਤਾਂ) ਨੂੰ ਪੂਰਾ ਨਹੀਂ ਕਰ ਸਕਦਾ। ਕਿਸੇ ਵੀ ਰਾਜਨੀਤਕ ਤੰਤਰ (ਪ੍ਰਣਾਲੀ) ਨੂੰ ਆਪਣੀ ਹੋਂਦ ਬਣਾਈ ਰੱਖਣ ਅਤੇ ਲਗਾਤਾਰ ਚਲਦੇ ਰਹਿਣ ਲਈ ਬੇਰੋਕ ਨਿਵੇਸ਼-ਨਿਕਾਸ ਕਾਰਜਾਂ ਨੂੰ ਕਰਦੇ ਰਹਿਣ ਹੁੰਦਾ ਹੈ ਅਤੇ ਨਿਵੇਸ਼ ਨਿਕਾਸ ਕਰਦੇ ਹੋਏ ਰਾਜਨੀਤਕ ਤੰਤਰ ਦੇ ਅੰਦਰਲੇ ਅਤੇ ਬਾਹਰਲੇ ਵਾਤਾਵਰਣ (ਹਾਲਾਤ) ਨੂੰ ਧਿਆਨ ਵਿਚ ਵੀ ਰੱਖਣਾ ਪੈਂਦਾ ਹੈ। ਇੱਕ ਰਾਜਨੀਤਕ ਖੇਤਰ ਦੇ ਕਾਰਜਾਂ ਦਾ ਅਸਰ ਦੂਸਰੀਆਂ ਰਾਜਨੀਤਕ ਪ੍ਰਣਾਲੀਆਂ ਦੇ ਕਾਰਜਾਂ ਅਤੇ ਵਾਤਾਵਰਣ 'ਤੇ ਵੀ ਪੈਂਦਾ ਹੈ।

ਉਦਾਹਰਣ ਵਜੋਂ ਜੇਕਰ ਚੀਨ ਦੀ ਸਰਕਾਰ ਦੁਆਰਾ ਆਪਣੇ ਉਤਪਾਦਨ ਦੇ ਨਿਰਯਾਤ (Expost) ਉਪਰ ਪਾਬੰਦੀ (ਠੇਕਾਂ) ਲਗਾ ਦਿੱਤੀ ਜਾਵੇ ਜਾਂ ਉਤਪਾਦਨ ਦੇ ਮੁੱਲ ਵਿਚ ਅਥਾਹ ਵਾਧਾ ਕੀਤਾ ਜਾਵੇ ਤਾਂ ਉਸਦਾ ਅਸਰ ਭਾਰਤ ਦੀ ਘਰੇਲੂ ਮਾਰਕੀਟ 'ਤੇ ਵੀ ਪਏਗਾ। ਭਾਰਤ ਦੇ ਬਾਜ਼ਾਰਾਂ ਵਿਚ ਦੋ ਅਸਰ ਹੋਣ ਦੀ ਸੰਭਾਵਨਾ ਹੈ। ਇੱਕ, ਬਾਜ਼ਾਰ ਵਿਚ ਚੀਨ ਤੋਂ ਦਰਾਮਦ ਜਾਂ ਆਯਾਤ (Import) ਕੀਤੀਆਂ ਜਾਣ ਵਾਲੀਆਂ ਵਸਤੂਆਂ ਦੀ ਪੂਰਤੀ ਘੱਟ ਜਾਵੇਗੀ, ਦੂਸਰਾ ਇਹ ਵੀ ਹੋ ਸਕਦਾ ਹੈ ਆਯਾਤ ਵਸਤੂਆਂ ਦਾ ਭਾਰਤ ਵਿਚ ਹੀ ਉਤਪਾਦਨ ਕਰਕੇ ਪੂਰਤੀ ਵਧਾਈ ਜਾ ਸਕਦੀ ਹੈ ਤੇ ਬੇਰੁਜ਼ਗਾਰੀ ਨੂੰ ਘੱਟ ਕੀਤਾ ਜਾ ਸਕਦਾ ਹੈ।

# ਪਾਠ-3 ਰਾਜਨੀਤਿਕ ਸਭਿਆਚਾਰ ਅਰਥ ਅਤੇ ਕਿਸਮਾਂ

**I. ਇਨਾ ਪ੍ਰਸ਼ਨਾਂ ਦੇ ਉੱਤਰ ਸਹੀ ਚੋਣ ਕਰਕੇ ਇਕ ਜਾਂ ਦੋ ਸ਼ਬਦਾਂ ਵਿੱਚ ਦਿਓ-**

ੳ.) ਸੱਭਿਆਚਾਰ ਸ਼ਬਦ ਲਾਤੀਨੀ ਭਾਸ਼ਾ ਦੇ ਕਿਸ ਸ਼ਬਦ ਤੋਂ ਬਣਿਆ ਹੈ?

i. ਕਲਟਸ
ii. ਦਬਾਅ
iii. ਸਮਾਜ
iv. ਲਿਬਰ

**ਉੱਤਰ-** ਕਲਟਸ

**ਅ.)** ਰੇਲ ਹਾਦਸੇ ਤੋਂ ਬਾਅਦ ਅਸਤੀਫਾ ਦੇਣ ਦੀ ਕਾਰਵਾਈ ਕਰਦਿਆਂ ਲਾਲ ਬਹਾਦਰ ਸ਼ਾਸਤਰੀ ਜੀ ਨੇ ਕਿਸ ਸਭਿਆਚਾਰ ਦੀ ਨੀਂਹ ਰੱਖੀ ?

i. ਲਾਪਰਵਾਹ
ii. ਗੈਰ ਜਿੰਮੇਵਾਰ
iii. ਜਿੰਮੇਵਾਰ ਅਤੇ ਜਵਾਬ ਦੇਹ
iv. ਅਣਦੇਖਿਆ ਕਰਨਾ

**ਉੱਤਰ-** ਜਿੰਮੇਵਾਰ ਅਤੇ ਜਵਾਬ ਦੇਹ

**ੲ.)** ਰਾਜਨੀਤਿਕ ਸੱਭਿਆਚਾਰ ਦੀਆਂ ਕਿਸਮਾਂ ਵਿੱਚ ਹੇਠ ਲਿਖਿਆਂ ਵਿੱਚੋਂ ਕੀ ਸ਼ਾਮਿਲ ਨਹੀਂ ਹੈ ?

i. ਸੰਕੀਰਨ ਜਾਂ ਸੀਮਤ
ii. ਅਧੀਨ ਰਾਜਨੀਤਿਕ
iii. ਹਿੱਸੇਦਾਰ ਜਾਂ ਸਾਂਝੀਦਾਰ
iv. ਦਲਬਦਲੀ

**ਉੱਤਰ-** ਦਲ ਬਦਲੀ

**ਸ.)** "ਅਧੀਨ ਸੱਭਿਆਚਾਰ" ਸਬੰਧੀ ਕਿਸੇ ਇੱਕ ਦੇਸ਼ ਦਾ ਨਾਮ ਲਿਖੋ।

**ਉੱਤਰ-** ਭਾਰਤ

**ਹ.)** ਹਿੱਸੇਦਾਰ ਰਾਜਨੀਤਿਕ ਸੱਭਿਆਚਾਰ ਦੀ ਉਦਾਹਰਨ ਇੱਕ ਦੇਸ਼ ਦਾ ਨਾਮ ਲਿਖੋ।

**ਉੱਤਰ-** ਸੰਯੁਕਤ ਰਾਜ ਅਮਰੀਕਾ

**ਕ.)** "ਸਿਵਲ ਕਲਚਰ" ਕਿਤਾਬ ਦਾ ਲੇਖਕ ਕੌਣ ਹੈ?

**ਉੱਤਰ-** ਗੈਬਰੀਅਲ ਆਲਮੰਡ ਅਤੇ ਸਿਡਨੀ ਵਰਬਾ

**II. ਇਨਾ ਪ੍ਰਸ਼ਨਾਂ ਦੇ ਉੱਤਰ 5-8 ਵਾਕਾਂ ਵਿੱਚ ਦਿਓ**

**1. ਰਾਜਨੀਤਿਕ ਸੱਭਿਆਚਾਰ ਤੋਂ ਕੀ ਭਾਵ ਹੈ?**

**ਉੱਤਰ-** ਰਾਜਨੀਤੀ ਪ੍ਰਤੀ ਲੋਕਾਂ ਦੇ ਵਿਸ਼ਵਾਸ, ਕਦਰਾਂ ਕੀਮਤਾਂ, ਦ੍ਰਿਸ਼ਟੀਕੋਣ, ਲਗਨ, ਮਨੋਭਾਵਨਾਵਾਂ ਆਦਿ ਦੇ ਸਮੂਹ ਨੂੰ ਰਾਜਨੀਤਿਕ ਸੱਭਿਆਚਾਰ ਆਖਿਆ ਜਾਂਦਾ ਹੈ।

ਆਲਮੰਡ ਅਤੇ ਪੋਵੈਲ ਅਨੁਸਾਰ, "ਰਾਜਨੀਤਿਕ ਸੱਭਿਆਚਾਰ ਹ ਕਿਸੇ ਵੀ ਰਾਜਨੀਤਿਕ ਪ੍ਰਣਾਲੀ ਦੇ ਮੈਂਬਰਾਂ ਵਿੱਚ ਰਾਜਨੀਤੀ ਪ੍ਰਤੀ ਪਾਏ ਜਾਣ ਵਾਲੇ ਰੁਝਾਨਾਂ ਤੇ ਜਜ਼ਬਾਤਾਂ ਦਾ ਸਰੂਪ ਹੈ।"

**2. ਰਾਜਨੀਤਿਕ ਸੱਭਿਆਚਾਰ ਦੇ ਜਜ਼ਬਾਤੀ ਪੱਖ ਬਾਰੇ ਲਿਖੋ।**

**ਉਤਰ-** ਲੋਕਾਂ ਦੀਆਂ ਉਹ ਭਾਵਨਾਵਾਂ ਜਿਨਾਂ ਰਾਹੀਂ ਲੋਕ ਆਪਣੇ ਰਾਜਨੀਤਿਕ ਢਾਂਚੇ, ਨੀਤੀਆਂ ਵਿੱਚ ਰੁਚੀ ਲੈਂਦੇ ਹਨ ਜਾਂ ਇਹਨਾਂ ਗਤੀਵਿਧੀਆਂ ਤੋਂ ਦੂਰ ਰਹਿਣ ਦਾ ਫੈਸਲਾ ਲੈਂਦੇ ਹਨ, ਉਹ ਰਾਜਨੀਤਿਕ ਸੱਭਿਆਚਾਰ ਦਾ ਜਜ਼ਬਾਤੀ ਪੱਖ ਹੈ। ਬਰਤਾਨਵੀ ਆਪਣੀਆਂ ਪੁਰਾਤਨ ਸੰਸਥਾਵਾਂ ਨਾਲ ਭਾਵਨਾਤਮਕ ਸਾਂਝ ਰੱਖਦੇ ਹਨ ਅਤੇ ਇਨਾਂ ਸੰਸਥਾਵਾਂ ਦੇ ਫੈਸਲਿਆਂ ਦਾ ਪਾਲਣ ਤਨੋ-ਮਨੋ ਕਰਦੇ ਹਨ। ਲੋਕਾਂ ਦੀ ਰਾਜਨੀਤਿਕ ਸੰਸਥਾਵਾਂ ਨਾਲ ਜਜ਼ਬਾਤੀ ਸਾਂਝ ਰਾਜਨੀਤਿਕ ਪ੍ਰਣਾਲੀ ਨੂੰ ਸਥਿਰਤਾ ਪ੍ਰਦਾਨ ਕਰਦੀ ਹੈ।

**3. ਰਾਜਨੀਤਿਕ ਸੱਭਿਆਚਾਰ ਵਿੱਚ ਮੁਲਾਂਕਣਕਾਰੀ ਪੱਖ ਦੀ ਭੂਮਿਕਾ ਨਿਭਾਉਂਦਾ ਹੈ ?**

**ਉੱਤਰ-** ਜਦੋਂ ਲੋਕ ਰਾਜਨੀਤਿਕ ਢਾਂਚਿਆਂ ਅਤੇ ਰਾਜਨੀਤਿਕ ਪ੍ਰਕਿਰਿਆਵਾਂ ਨੂੰ ਆਪਣੀ ਸੂਝ-ਬੂਝ ਨਾਲ ਸਮਝਦੇ ਹਨ, ਉਸਨੂੰ ਰਾਜਨੀਤਿਕ ਸੱਭਿਆਚਾਰ ਦਾ ਮੂਲਾਂਕਨਕਾਰੀ ਪੱਖ ਕਿਹਾ ਜਾਂਦਾ ਹੈ। ਨਾਗਰਿਕਾਂ ਦੀ ਮੂਲਾਂਕਨ ਕਰਨ ਦੀ ਯੋਗਤਾ ਅਤੇ ਸਮਰੱਥਾ ਹੀ ਕਿਸੇ ਦੇਸ਼ ਦੀ ਰਾਜਨੀਤਿਕ ਪ੍ਰਣਾਲੀ ਦੀ ਅਸਲੀ ਤਸਵੀਰ ਪੇਸ਼ ਕਰਦੀ ਹੈ। ਗੈਰ ਲੋਕਤੰਤਰੀ ਅਤੇ ਗੈਰ ਸੰਵਿਧਾਨਿਕ ਕਾਨੂੰਨਾਂ ਦਾ ਵਿਰੋਧ ਨਾਗਰਿਕ ਦੀ ਮੂਲਾਂਕਣ ਕਰਨ ਦੀ ਸਮਰੱਥਾ ਤੇ ਨਿਰਭਰ ਕਰਦਾ ਹੈ।

**4. ਅਧੀਨ ਸੱਭਿਆਚਾਰ ਕਿਹੜਾ ਹੁੰਦਾ ਹੈ?**

**ਉੱਤਰ-** ਅਧੀਨ ਸੱਭਿਆਚਾਰ ਵਿਕਾਸ ਸ਼ੀਲ ਦੇਸ਼ਾਂ ਜਿਵੇਂ ਭਾਰਤ, ਪਾਕਿਸਤਾਨ, ਚੀਨ ਆਦਿ ਸਮਾਜਾਂ ਵਿੱਚ ਪਾਇਆ ਜਾਂਦਾ ਹੈ। ਜਿੱਥੇ ਆਮ ਲੋਕ ਰਾਜਨੀਤਿਕ ਗਤੀਵਿਧੀਆਂ ਵਿੱਚ ਘੱਟ ਦਿਲਚਸਪੀ ਲੈਂਦੇ ਹਨ ਪਰ ਰਾਜਨੀਤਿਕ ਫੈਸਲੇ ਅਤੇ ਨੀਤੀਆਂ ਉਹਨਾਂ ਨੂੰ ਪ੍ਰਭਾਵਿਤ ਕਰਦੇ ਹਨ। ਅਧੀਨ ਰਾਜਨੀਤਿਕ ਸੱਭਿਆਚਾਰ ਵਿੱਚ ਰਾਜਨੀਤਿਕ ਜਾਗਰੂਕਤਾ ਦੀ ਘਾਟ ਹੋਣ ਕਾਰਨ ਜਨ-ਸਾਹਿਭਾਗਤਾ ਘਟ ਰਹਿੰਦੀ ਹੈ ਅਤੇ ਚਲਾਕ ਸਿਆਸਤਦਾਨ ਸੱਤਾ ਦਾ ਆਨੰਦ ਮਾਣਦੇ ਹਨ।

**5. ਭਾਰਤ ਵਿੱਚ ਜਿੰਮੇਵਾਰੀ ਸੱਭਿਆਚਾਰ ਨਾਲ ਸੰਬੰਧਿਤ ਘਟਨਾ ਦਾ ਜ਼ਿਕਰ ਕਰੋ।**

**ਉੱਤਰ-** ਭਾਰਤ ਵਿੱਚ ਆਪਣਾ ਸੰਵਿਧਾਨ ਲਾਗੂ ਹੋਣ ਤੋਂ ਬਾਅਦ ਭਾਰਤ ਦੇ ਸਾਬਕਾ ਮਰਹੂਮ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਜੀ ਨੇ ਦੇਸ਼ ਵਿੱਚ ਜਿੰਮੇਵਾਰੀ ਭਰਪੂਰ ਰਾਜਨੀਤਿਕ ਸੱਭਿਆਚਾਰ ਦੀ ਨੀਹ ਰੱਖੀ ਸੀ। ਸੰਨ 1956 ਵਿੱਚ ਤਮਿਲਨਾਡੂ ਦੇ ਇਲਾਕੇ ਅਰੀਆਲੂਰ ਵਿੱਚ ਇੱਕ ਰੇਲ ਦੁਰਘਟਨਾ ਵਿੱਚ ਲਗਭਗ 150 ਯਾਤਰੀ ਮਾਰੇ

ਗਏ ਸਨ। ਉਸ ਸਮੇਂ ਲਾਲ ਬਹਾਦਰ ਸ਼ਾਸਤਰੀ ਜੀ ਨੇ ਕੇਂਦਰੀ ਰੇਲ ਮੰਤਰੀ ਹੋਣ ਕਾਰਨ ਨੈਤਿਕ ਜਿੰਮੇਵਾਰੀ ਲੈਂਦੇ ਆ ਮੰਤਰੀ ਮੰਡਲ ਵਿੱਚੋਂ ਅਸਤੀਫਾ ਦੇ ਦਿੱਤਾ ਸੀ।

**III. ਇੰਨਾ ਪ੍ਰਸ਼ਨਾਂ ਦੇ ਉੱਤਰ 50-60 ਵਿੱਚ ਲਿਖੋ**

**1. ਰਾਜਨੀਤਿਕ ਸੱਭਿਆਚਾਰ ਤੋਂ ਕੀ ਭਾਵ ਹੈ ? ਇਸ ਦੇ ਵੱਖ-ਵੱਖ ਪਹਿਲੂਆਂ ਦਾ ਵਰਨਣ ਕਰੋ।**

**ਉੱਤਰ- ਰਾਜਨੀਤਿਕ ਸੱਭਿਆਚਾਰ ਦਾ ਅਰਥ-** ਰਾਜਨੀਤੀ ਪ੍ਰਤੀ ਲੋਕਾਂ ਦੇ ਵਿਸ਼ਵਾਸ, ਕਦਰਾਂ-ਕੀਮਤਾਂ, ਦ੍ਰਿਸ਼ਟੀਕੋਣ, ਲਗਨ, ਮਨੋਭਾਵਨਾਵਾਂ ਆਦਿ ਦੇ ਸਮੂਹ ਨੂੰ ਰਾਜਨੀਤਿਕ ਸੱਭਿਆਚਾਰ ਆਖਿਆ ਜਾਂਦਾ ਹੈ।

**ਐਲਨ.ਆਰ.ਬਾਲ** ਅਨੁਸਾਰ "ਰਾਜਨੀਤਿਕ ਸੱਭਿਆਚਾਰ ਸਮਾਜ ਦੀਆਂ ਉਹਨਾਂ ਰੁਚੀਆਂ, ਵਿਸ਼ਵਾਸਾਂ, ਭਾਵਨਾਵਾਂ ਅਤੇ ਕੀਮਤਾਂ ਤੋਂ ਬਣਦਾ ਹੈ ਜਿਸ ਦਾ ਸੰਬੰਧ ਰਾਜਨੀਤਿਕ ਪ੍ਰਣਾਲੀ ਅਤੇ ਰਾਜਨੀਤਿਕ ਮਸਲਿਆਂ ਨਾਲ ਹੁੰਦਾ ਹੈ"।

**ਰਾਜਨੀਤਿਕ ਸੱਭਿਆਚਾਰ ਦੇ ਵੱਖ-ਵੱਖ ਪਹਿਲੂ**

**i. ਰਾਜ ਨੇ ਤੇ ਸੱਭਿਆਚਾਰ ਦਾ ਗਿਆਨ ਆਤਮਕ ਪਹਿਲੂ**

ਲੋਕਾਂ ਨੂੰ ਆਪਣੇ ਰਾਜਨੀਤਿਕ ਢਾਂਚਿਆਂ, ਰਾਜਨੀਤਿਕ ਪ੍ਰਕਿਰਿਆਵਾਂ, ਨੀਤੀਆਂ ਅਤੇ ਸੰਸਥਾਵਾਂ ਬਾਰੇ ਜਿਨ੍ਹਾਂ ਵੱਧ ਗਿਆਨ ਹੋਵੇਗਾ ਉਨਾਂ ਵੱਧ ਰਾਜਨੀਤਿਕ ਢਾਂਚਿਆਂ ਦਾ ਵਿਕਾਸ ਹੋਵੇਗਾ। ਜਿਉਂ-ਜਿਉਂ ਨਾਗਰਿਕਾਂ ਵਿੱਚ ਆਪਣੇ ਅਧਿਕਾਰਾਂ, ਕਰਤਵਾਂ ਅਤੇ ਰਾਜਨੀਤਿਕ ਫੈਸਲਿਆਂ ਨੀਤੀਆਂ ਬਾਰੇ ਜਾਗਰੂਕਤਾ ਵੱਧਦੀ ਹੈ ਤਿਉਂ-ਤਿਉਂ ਰਾਜਨੀਤਿਕ ਸੰਸਥਾਵਾਂ ਵਿੱਚ ਸੁਧਾਰ ਅਤੇ ਪਾਰਦਰਸ਼ਤਾ ਵੱਧਦੀ ਜਾਂਦੀ ਹੈ। ਇਸ ਪ੍ਰਕਾਰ ਲੋਕਾਂ ਦਾ ਆਪਣੇ ਰਾਜਨੀਤਿਕ ਪ੍ਰਣਾਲੀ ਵਿੱਚ ਵਿਸ਼ਵਾਸ ਹੋਰ ਮਜਬੂਤ ਹੁੰਦਾ ਜਾਂਦਾ ਹੈ।

**ii. ਰਾਜਨੀਤਿਕ ਢਾਂਚੇ ਦਾ ਜਜਪਾਤੀ ਪੱਖ**

ਲੋਕਾਂ ਦੀਆਂ ਉਹ ਭਾਵਨਾਵਾਂ ਜਿਨਾਂ ਰਾਹੀਂ ਲੋਕ ਆਪਣੇ ਰਾਜਨੀਤਿਕ ਢਾਂਚੇਆਂ, ਨੀਤੀਆਂ ਵਿੱਚ ਰੁਚੀ ਲੈਂਦੇ ਹਨ ਜਾਂ ਇਹਨਾਂ ਰਾਜਨੀਤਿਕ ਪ੍ਰਕਿਰਿਆਵਾਂ ਤੋਂ ਦੂਰ ਰਹਿਣ ਦਾ ਫੈਸਲਾ ਲੈਂਦੇ ਹਨ, ਉਹ ਰਾਜਨੀਤਿਕ ਸੱਭਿਆਚਾਰ ਦਾ ਜਜ਼ਬਾਤੀ ਪੱਖ ਹੈ। ਬਰਤਾਨਵੀ ਆਪਣੀਆਂ ਪੁਰਾਤਨ ਸੰਸਥਾਵਾਂ ਨਾਲ ਭਾਵਨਾਤਮਕ ਸਾਂਝ ਰੱਖਦੇ ਹਨ ਅਤੇ ਇਨਾਂ ਸੰਸਥਾਵਾਂ ਦੇ ਫੈਸਲਿਆਂ ਦਾ ਪਾਲਣ ਤਨੋ-ਮਨੋ ਕਰਦੇ ਹਨ। ਲੋਕਾਂ ਦੇ ਰਾਜਨੀਤਿਕ ਸੰਸਥਾਵਾਂ ਨਾਲ ਜਜ਼ਬਾਤੀ ਸਾਂਝ ਰਾਜਨੀਤੀ ਪ੍ਰਣਾਲੀ ਨੂੰ ਸਥਿਰਤਾ ਪ੍ਰਦਾਨ ਕਰਦੀ ਹੈ।

**iii. ਰਾਜਨੀਤਿਕ ਸੱਭਿਆਚਾਰ ਦਾ ਮੂਲਾਂਕਣਕਾਰੀ ਪਹਿਲੂ**

ਜਦੋਂ ਲੋਕ ਰਾਜਨੀਤਿਕ ਢਾਂਚਿਆਂ ਤੇ ਰਾਜਨੀਤਿਕ ਪ੍ਰਕਿਰਿਆਵਾਂ ਨੂੰ ਆਪਣੀ ਸੂਝ ਬੂਝ ਨਾਲ ਸਮਝਦੇ ਹਨ ਉਸ ਨੂੰ ਰਾਜਨੀਤਿਕ ਸੱਭਿਆਚਾਰ ਦਾ ਮੁਲਾਂਕਣਕਾਰੀ ਪੱਖ ਕਿਹਾ ਜਾਂਦਾ ਹੈ। ਨਾਗਰਿਕਾਂ ਦੀ ਮੂਲਾਂਕਨ ਕਰਨ ਦੀ ਸਮਰੱਥਾ

ਹੀ ਕਿਸੇ ਦੇਸ਼ ਦੀ ਰਾਜਨੀਤਿਕ ਪ੍ਰਣਾਲੀ ਦੀ ਅਸਲੀ ਤਸਵੀਰ ਪੇਸ਼ ਕਰਦੀ ਹੈ। ਗੈਰ ਸੰਵਿਧਾਨਿਕ ਅਤੇ ਗੈਰ ਲੋਕਤੰਤਰੀ ਕਾਨੂੰਨਾਂ ਦਾ ਵਿਰੋਧ ਨਾਗਰਿਕ ਦੀ ਮੁਲਾਂਕਣ ਕਰਨ ਦੀ ਯੋਗਤਾ ਤੇ ਨਿਰਭਰ ਕਰਦਾ ਹੈ।

**2. ਰਾਜਨੀਤਿਕ ਸੱਭਿਆਚਾਰ ਦੀਆਂ ਵੱਖ ਵੱਖ ਕਿਸਮਾਂ ਦਾ ਵਰਣਨ ਕਰੋ**

**ਉੱਤਰ-** ਰਾਜਨੀਤੀ ਵਿੱਚ ਲੋਕਾਂ ਦੀ ਭਾਗੀਦਾਰੀ ਦੇ ਆਧਾਰ ਅਨੁਸਾਰ ਆਲਮੰਡ ਅਤੇ ਪੌਵੈਲ ਨੇ ਰਾਜਨੀਤਿਕ ਸੱਭਿਆਚਾਰ ਨੂੰ ਤਿੰਨ ਪ੍ਰਮੁੱਖ ਕਿਸਮਾਂ ਵਿੱਚ ਵੰਡਿਆ ਹੈ -

**i. ਸੰਕਰਨ ਜਾਂ ਸੀਮਤ ਰਾਜਨੀਤਿਕ ਸੱਭਿਆਚਾਰ**

ਸੀਮਤ ਰਾਜਨੀਤਿਕ ਸੱਭਿਆਚਾਰ ਘੱਟ ਵਿਕਸਿਤ ਸਮਾਜਾਂ ਵਿੱਚ ਪਾਇਆ ਜਾਂਦਾ ਹੈ ਅਤੇ ਅਜਿਹੇ ਸਮਾਜਾਂ ਵਿੱਚ ਸੱਤਾ ਉੱਤੇ ਕਾਬਜ਼ ਵਿਸ਼ੇਸ਼ ਵਰਗਾਂ ਦੇ ਲੋਕ ਜੋ ਕਿ ਗਿਣਤੀ ਵਿੱਚ ਥੋੜੇ ਹੁੰਦੇ ਹਨ ਪਰ ਰਾਜਨੀਤਿਕ ਸੱਤਾ ਦਾ ਆਨੰਦ ਮਾਨਦੇ ਹਨ ਸਮਾਜ ਦੀ ਬਹੁ ਗਿਣਤੀ ਨੂੰ ਰਾਜਨੀਤਿਕ ਪ੍ਰਣਾਲੀ ਢਾਂਚਿਆਂ ਸੰਸਥਾਵਾਂ ਅਤੇ ਰਾਜਨੀਤਿਕ ਫੈਸਲਿਆਂ ਵਿੱਚ ਕੋਈ ਵੀ ਰੁਚੀ ਨਹੀਂ ਹੁੰਦੀ ਅਤੇ ਨਾ ਹੀ ਉਹ ਦਿਲਚਸਪੀ ਲੈਣਾ ਚਾਹੁੰਦੇ ਹਨ। ਜਿਆਦਾਤਰ ਕਬੀਲਿਆਂ ਤੇ ਜੰਗਲਾਂ ਪਹਾੜਾਂ ਵਿੱਚ ਰਹਿਣ ਵਾਲੇ ਲੋਕ ਸੀਮਤ ਰਾਜਨੀਤਿਕ ਸੱਭਿਆਚਾਰ ਦਾ ਹਿੱਸਾ ਹਨ।

**ii. ਅਧੀਨ ਰਾਜਨੀਤਿਕ ਸੱਭਿਆਚਾਰ**

ਅਧੀਨ ਰਾਜਨੀਤਿਕ ਸੱਭਿਆਚਾਰ ਵਿਕਾਸ ਸ਼ੀਲ ਦੇਸ਼ਾਂ ਜਿਵੇਂ ਭਾਰਤ, ਪਾਕਿਸਤਾਨ, ਚੀਨ ਆਦਿ ਸਮਾਜਾਂ ਵਿੱਚ ਪਾਇਆ ਜਾਂਦਾ ਹੈ। ਜਿੱਥੇ ਆਮ ਲੋਕ ਰਾਜਨੀਤੀਕ ਗਤੀਵਿਧੀਆਂ, ਸੰਸਥਾਵਾਂ ਵਿੱਚ ਘੱਟ ਦਿਲਚਸਪੀ ਲੈਂਦੇ ਹਨ ਪਰ ਰਾਜਨੀਤਿਕ ਫੈਸਲੇ ਅਤੇ ਨੀਤੀਆਂ ਉਹਨਾਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦੇ ਹਨ ਲੋਕਾਂ ਵਿੱਚ ਰਾਜਨੀਤਿਕ ਜਾਗਰੂਕਤਾ ਦੀ ਘਾਟ ਕਾਰਨ ਜਨ-ਸਹਿਭਾਗਤਾ ਘੱਟ ਰਹਿੰਦੀ ਹੈ ਅਤੇ ਚਲਾਕ ਸਿਆਸਤਦਾਨ ਸੱਤਾ ਦਾ ਆਨੰਦ ਮਾਣਦੇ ਹਨ।

**iii. ਹਿੱਸੇਦਾਰੀ ਜਾਂ ਸਾਂਝੀਦਾਰ ਰਾਜਨੀਤਿਕ ਸੱਭਿਆਚਾਰ**

ਹਿੱਸੇਦਾਰੀ ਰਾਜਨੀਤਿਕ ਸੱਭਿਆਚਾਰ ਵਿਕਸਿਤ ਦੇਸ਼ ਅਮਰੀਕਾ, ਇੰਗਲੈਂਡ, ਫਰਾਂਸ ਆਦੀ ਦੇਸ਼ਾਂ ਵਿੱਚ ਪਾਇਆ ਜਾਂਦਾ ਹੈ। ਜਿੱਥੇ ਆਮ ਨਾਗਰਿਕ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੁੰਦੇ ਹਨ ਅਤੇ ਰਾਜਨੀਤਿਕ ਢਾਂਚਿਆਂ, ਸੰਸਥਾਵਾਂ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਂਦੇ ਹਨ। ਅਤੇ ਰਾਜਨੀਤਿਕ ਫੈਸਲਿਆਂ ਅਤੇ ਨੀਤੀਆਂ ਨੂੰ ਆਪਣੇ ਹੱਕ ਵਿੱਚ ਕਰਨ ਦਾ ਯਤਨ ਕਰਦੇ ਰਹਿੰਦੇ ਹਨ। ਇਹਨਾਂ ਦੇਸ਼ਾਂ ਵਿੱਚ ਸੁਤੰਤਰ ਅਤੇ ਇਮਾਨਦਾਰ ਪ੍ਰੈਸ ਮਹਤਪੂਰਨ ਰੋਲ ਅਦਾ ਕਰਦੀ ਹੈ। ਸਰਕਾਰ ਹਮੇਸ਼ਾ ਲੋਕ ਮੱਤ ਦੀ ਇੱਛਾ ਅਨੁਸਾਰ ਕਾਰਜ ਕਰਦੀ ਹੈ। ਲੋਕ ਸਰਕਾਰ ਦੀਆਂ ਗਲਤ ਨੀਤੀਆਂ ਦੀ ਖੁੱਲ ਕੇ ਅਲੋਚਨਾ ਵੀ ਕਰਦੇ ਹਨ। ਲਾਜ਼ਮੀ ਮਤਦਾਨ ਵਾਲੇ ਦੇਸ਼ਾਂ ਆਸਟਰੇਲੀਆ, ਬ੍ਰਿਟੇਨ, ਬੈਲਜੀਅਮ ਆਦਿ ਦੇਸ਼ਾਂ ਵਿੱਚ ਹਿੱਸੇਦਾਰ ਰਾਜਨੀਤਿਕ ਸੱਭਿਆਚਾਰ ਜਿਆਦਾ ਪ੍ਰਫੁੱਲਤ ਹੋ ਰਿਹਾ ਹੈ।

# **ਪਾਠ 13. ਡਾਕਟਰ ਬੀ ਆਰ ਅੰਬੇਦਕਰ ਦੇ ਸਮਾਜਿਕ- ਆਰਥਿਕ- ਰਾਜਨੀਤਿਕ ਰਾਜਨੀਤਿਕ ਵਿਚਾਰ**

## **Socio- Eco- Political idea of Dr. B.R Ambedkar**

I. ਪ੍ਰਸ਼ਨਾਂ ਦੇ ਉਤਰ ਇੱਕ ਦੋ ਸ਼ਬਦਾਂ ਵਿੱਚ ਦਿਓ--

ੳ. ਡਾ. ਅੰਬੇਦਕਰ ਜੀ ਹੋਰ ਕਿਹੜੇ ਨਾਂਵਾਂ ਨਾਲ ਜਾਣਿਆ ਜਾਂਦਾ ਹੈ ?

ਉੱਤਰ :-" **ਬਾਬਾ ਸਾਹਿਬ** "।

ਅ. ਕ੍ਰਿਸ਼ਨ ਜੀ ਕੇਸ਼ਵ ਕੌਣ ਸਨ ?

ਉੱਤਰ :- ਡਾਕਟਰ ਬੀ ਆਰ ਅੰਬੇਦਕਰ ਦੇ ਅਧਿਆਪਕ ਸਨ।

ੲ. ਡਾ. ਅੰਬੇਦਕਰ ਜੀ ਨੂੰ "ਮਹਾਤਮਾ ਬੁੱਧ" ਦੀ ਸਵੈ ਜੀਵਨੀ ਕਿਸ ਨੇ ਭੇਂਟ ਕੀਤੀ ?

ਉੱਤਰ :- ਦਾਦਾ ਕੇਲੂਸਕਰ

ਸ. ਡਾ. ਭੀਮ ਰਾਓ ਦੇ ਲੋਕਤੰਤਰ ਬਾਬਤ ਵਿਚਾਰਾਂ ਨੂੰ ਕਿਸ ਵਿਚਾਰਕ ਨੇ ਪ੍ਰਭਾਵਿਤ ਕੀਤਾ।

ਉੱਤਰ :- ਜੋਨ ਡੇਵਾਇ।

ਹ. ਸੰਨ 1924 ਵਿਚ ਡਾ. ਭੀਮ ਰਾਓ ਅੰਬੇਦਕਰ ਨੇ ਕਿਹੜੀ ਸੰਸਥਾ ਅਦਾਰੇ ਦੀ ਸਥਾਪਨਾ ਕੀਤਾ ?

ਉੱਤਰ :- Depressed class welfare association I

ਖਾਲੀ ਥਾਵਾਂ ਭਰਕੇ ਵਾਕ ਪੂਰੇ ਕਰੋ-

ਕ. ਡਾ. ਭੀਮ ਰਾਓ ਅੰਬੇਦਕਰ ਨੇ ਆਪਣੀ ਸਾਰੀ ਜ਼ਿੰਦਗੀ **ਦੱਬੇ ਕੁਚਲੇ** ਲੋਕਾਂ ਦੀ ਭਲਾਈ ਕਰਨ ਦੇ ਲੇਖੇ ਲਾਈ।

ਖ. ਭਾਰਤ ਵਿੱਚ ਸਾਰੀਆਂ ਬੁਰਾਈਆਂ ਦੀ ਜੜ੍ਹ **ਜਾਤ ਪਾਤ ਦਾ ਪ੍ਰਬੰਧ** ਹੈ।

ਗ. ਡਾ. ਭੀਮ ਰਾਓ ਅੰਬੇਦਕਰ ਜਾਤ-ਪ੍ਰਥਾ ਨੂੰ **ਸਮਾਜਿਕ ਵੰਡ** ਕਹਿੰਦੇ ਹਨ।

ਘ. ਯੂਰੀਪਨ ਲੋਕਾਂ ਦੇ ਉਥਾਨ ਲਈ **ਮਾਰਟਨ ਲੂਥਰ ਕਿੰਗ** ਦਾ ਯੋਗਦਾਨ ਮਹੱਤਵਪੂਰਨ ਹੈ।

5. ਰਾਜਨੀਤਕ ਤੌਰ 'ਤੇ ਅਜ਼ਾਦ ਹੋਣ ਲਈ **ਮਨ ਅਤੇ ਆਤਮਾ** ਦੀ ਮੁਕਤੀ ਲਾਜਮੀ ਹੈ।

ਪ੍ਰਸ਼ਨਾਂ ਦੇ ਉੱਤਰ 5-8 ਸਤਰਾਂ ਵਿੱਚ ਦਿਓ-

ੳ. ਜੌਹਨ ਡਿਊਵੀ ਦੇ ਲੋਕਤੰਤਰ ਬਾਰੇ ਵਿਚਾਰਾਂ ਨੂੰ ਸਮਝਾਓ?

ਉੱਤਰ :– ਲੋਕਤੰਤਰ ਬਾਰੇ ਜੌਹਨ ਡੇਵਾਇ ਦੇ ਵਿਚਾਰ (John Dewey on Democarcy)ਡੇਵਾਇ ਅਨੁਸਾਰ ਲੋਕਤੰਤਰ ਦਾ ਸਬੰਧ ਕੇਵਲ ਵੋਟ ਪਾਉਣ ਦੇ ਅਧਿਕਾਰ ਨਾਲ ਨਹੀਂ ਹੈ ਸਗੋਂ ਨਾਗਰਿਕਾਂ ਨੂੰ ਸਟੀਕ/ਸਹੀ ਫ਼ੈਸਲੇ ਲੈਣ ਵਾਲੇ ਬਨਾਉਣਾ ਹੈ ਜਿਸ ਰਾਹੀਂ ਸਭ ਦਾ ਭਲਾ ਹੋਵੇ। ਲੋਕਤੰਤਰ ਕੇਵਲ ਰਾਜਨੀਤਕ ਪ੍ਰਨਾਲੀ ਨਹੀਂ ਹੈ ਸਗੋਂ ਨੈਤਿਕ ਵਿਚਾਰ ਹਨ ਜਿਨ੍ਹਾਂ ਵਿਚ ਨਾਗਰਿਕ ਸਰਗਰਮ ਭੂਮਿਕਾ ਨਿਭਾਉਂਦੇ ਹਨ। ਸਥਾਪਤ ਧਾਰਨਾਵਾਂ (Beliefs) ਅਤੇ ਸਿਧਾਤਾਂ ਨੂੰ ਸਵਾਲ ਕਰਨੇ ਜ਼ਰੂਰੀ ਹਨ ਤਾਂ ਜੋ ਬਦਲ ਰਹੇ ਸਮੇਂ ਦੀ ਨਬਜ਼ ਨੂੰ ਸਮਝਿਆ ਜਾ ਸਕੇ। ਲੋਕਤੰਤਰੀ ਢੰਗ ਅਤੇ ਸਹੀ ਕਾਰਜ ਕਰਨ ਲਈ ਜ਼ਰੂਰੀ ਹੈ ਕਿ ਜਾਗਰੁਕ, ਗਿਆਨਵਾਨ ਅਤੇ ਸਿਆਣੇ ਨਾਗਰਿਕਾਂ ਦੀ ਹੋਂਦ ਹੋਵੇ ਅਜਿਹਾ ਕੇਵਲ ਸਿੱਖਿਆ (Education) ਹੀ ਕਰ ਸਕਦੀ ਹੈ। ਕੋਲੰਬੀਆ ਯੂਨੀਵਰਸਿਟੀ ਅਤੇ ਲੰਡਨ ਯੂਨੀਵਰਸਿਟੀ ਵਿਚ ਪ੍ਰਾਪਤ ਸਿੱਖਿਆ ਅਤੇ ਜ਼ਿੰਦਗੀ ਦੇ ਵਿਤਕਰੇ ਭਰਪੂਰ ਤਜ਼ਰਬਿਆਂ ਨੇ ਅੰਬੇਕਦਰ ਨੂੰ ਮਹਾਨ ਵਿਚਾਰਕਾਂ ਦੀ ਲੜੀ ਵਿਚ ਪਰੋ ਦਿੱਤਾ। ਸੰਨ 1924 ਵਿੱਚ Depressed Class Welfare Association ਦੀ ਸਥਾਪਨਾ ਕੀਤੀ। ਸਾਰੀ ਜ਼ਿੰਦਗੀ ਦਬੇ-ਕੁਚਲੇ (Depressed) ਲੋਕਾਂ ਦੀ ਭਲਾਈ ਕਰਨ ਦੇ ਲੇਖੇ ਲਾਈ। ਬੇਸ਼ਕ ਉਹਨਾਂ ਨੂੰ ਦਲਿਤਾਂ ਦਾ ਮਸੀਹਾ ਰਿਹਾ ਜਾਂਦਾ ਹੈ ਪਰੰਤੂ ਉਹ ਇਕ ਬਹੁ-ਪ੍ਰਤਿਭਾਸ਼ਾਲੀ ਵਿਅਕਿਤਤਵ ਦੇ ਮਾਲਕ ਸਨ। ਆਰਥਿਕ ਖੇਤਰ ਵਿਚ ਉਹਨਾਂ ਦੀ ਵਿਚਾਰਾਂ ਨੂੰ ਘੱਟ ਤਵੱਜੋ ਦਿੱਤੀ ਜਾਂਦੀ ਹੈ ਪਰੰਤੂ ਉਹਨਾਂ ਦੇ ਵਿਚਾਰਾਂ ਨੂੰ ਕੇਵਲ ਦਲਿਤਾਂ ਤੱਕ ਸੀਮਤ ਕਰਨਾ ਨਾ-ਇਨਸਾਫੀ ਹੈ ।

ਅ. ਸਮਾਜਿਕ ਵਿਕਾਸ ਬਾਰੇ ਡਾ. ਭੀਮ ਰਾਓ ਅੰਬੇਦਕਰ ਦੇ ਵਿਚਾਰਾਂ ਦਾ ਵਰਨਣ ਕਰੋ।

ਉੱਤਰ :- ਡਾ. ਅੰਬੇਦਕਰ ਅਨੁਸਾਰ ਭਾਰਤ ਵਿੱਚ ਸਾਰੀਆਂ ਬੁਰਾਈਆਂ ਦੀ ਜੜ੍ਹ ਜਾਤ-ਪਾਤ ਦਾ ਪ੍ਰਬੰਧ ਹੈ (Caste System) ਜਾਤਪਾਤ ਦੋ-ਧਾਰੀ ਤਲਵਾਰ ਹੈ ਜੋ ਵਿਤਕਰਾ ਕਰਨ ਵਾਲੇ ਅਤੇ ਸਹਿਣ ਵਾਲੇ ਦੀਆਂ ਅਸਲ ਪ੍ਰਤੀਭਾਵਾਂ ਦਾ ਨੁਕਸਾਨ ਕਰਦੀ ਹੈ। ਇਹ ਗੱਲ ਲਾਜ਼ਮੀ ਹੈ ਕਿ ਜਾਤ-ਪ੍ਰਥਾ ਵਿਚ ਵਿਸ਼ਵਾਸ ਰੱਖਣ ਵਾਲੇ ਅਤੇ ਇਸਦੇ ਅਨੁਸਾਰ ਜੀਵਨ ਬਸਰ ਕਰਨ ਵਾਲੇ : ਨੁਕਸਾਨ ਦੁਰਗਾਮੀ ਹੁੰਦਾ ਹੈ ਪੰਤ ਜੋ ਜਾਤ ਅਧਾਰਤ ਵਿਤਕਰਾ ਸਹਿ ਰਹਿ ਹੁੰਦਾ ਹੈ ਉਸਦਾ ਨਾਲ-ਨਾਲ ਹੀ ਨੁਕਸਾਨ ਹੈ ਹੁੰਦਾ ਹੈ। ਅੰਬੇਦਕਰ ਦਾ ਕਹਿਣਾ ਸੀ ਕਿ ਵਰਤਮਾਨ ਵਿਚ ਵੀ ਜਾਤ-ਪਾਤ ਨੂੰ ਚੰਗਾ ਸਮਝਣ ਵਾਲੇ ਲੋਕ ਹਨ ਅਤੇ ਉਹ ਕਹਿ ਹਨ ਕਿ ਜਾਤ ਪ੍ਰਥਾ ਤਾਂ ਮਜ਼ਦੂਰੀ ਵੰਡ (Division of Labour) ਦਾ ਦੂਜਾ ਨਾ ਹੈ। ਕਿਸੇ ਵੀ ਸੱਭਿਅਕ ਸਮਾਜ ਨੂੰ ਵਿ ਕਰਨ ਲਈ ਕੰਮ ਦੀ ਵੰਡ ਲਾਜ਼ਮੀ ਹੈ। ਅੰਬੇਦਕਰ ਜਾਤਪ੍ਰਥਾ ਨੂੰ ਕੰਮ/ਮਜ਼ਦੂਰੀ ਦੀ ਵੰਡ ਨਹੀਂ ਕਾਮਿਆਂ ਦੀ ਵੰਡ ਕਹਿੰਦੇ ਹਾਂ। ਕੰਮ ਦੀ ਵੰਡ ਲਾਜ਼ਮੀ ਹੈ ਪਰੰਤੂ ਕਾਮਿਆਂ ਨੂੰ ਉਹਨਾਂ ਦੇ ਜਨਮ ਦੇ ਅਧਾਰ 'ਤੇ ਵੰਡਣਾ ਜਾਤ ਪ੍ਰਥਾ ਦਾ ਮੁੱਢਲਾ ਕਾਰਜ : ਕਾਮਿਆਂ ਦੀ ਵੰਡ ਤੋਂ ਅੱਗੇ ਜਾ ਕਿ ਜਾਤ ਪ੍ਰਥਾ ਕਾਮਿਆਂ ਨੂੰ ਦਰਜਾਬੰਦੀ (Hierarchcy) ਰਾਹੀਂ ਇਕ ਦੂਜੇ ਤੋਂ ਉਪਰ ਦਰਸ਼ ਦੇ ਦਿੰਦੀ ਹੈ। ਕਈ ਸਮਾਜ ਅਜਿਹੇ ਵੀ ਹਨ ਜਿਨ੍ਹਾਂ ਵਿਚ ਮਜ਼ਦੂਰਾਂ/ਕਾਮਿਆਂ ਦੀ ਦਰਜਾਬੰਦੀ ਨਹੀਂ ਹੁੰਦੀ ਸਗੋਂ ਉਹਨਾਂ ਦੀਆਂ ਯੋਗਤਾਵਾਂ ਦੇ ਅਧਾਰ 'ਤੇ ਉਹ ਕੰਮ ਕਰਦੇ ਹਨ। ਜਾਤਪ੍ਰਥਾ ਕੰਮ ਦੀ ਵੰਡ ਰਾਹੀਂ ਜੋ ਕਾਮਿਆਂ ਨੂੰ ਵੰਡਦੀ ਹੈ ਇਹ ਕੋਈ ਕੁਦਰਤ ਗੁਣਾਂ ਦੇ ਅਧਾਰ 'ਤੇ ਨਹੀਂ ਸਗੋਂ ਉਹਨਾਂ ਦੀ ਜਾਤ ਦੇ ਅਧਾਰ 'ਤੇ ਵੰਡਦੀ ਹੈ। ਜਾਤ ਪ੍ਰਬੰਧ ਵਿਅਕਤੀਗਤ ਅਤੇ ਸਮਾਜਿਕ ਹੈ। 'ਤੇ ਮਨੁੱਖ ਆਪਣੀਆਂ ਯੋਗਤਾਵਾਂ ਦਾ ਵਿਕਾਸ ਕਰਨ ਦਾ ਮੌਕਾ ਨਹੀ ਦਿੰਦਾ ਸਗੋਂ ਪਿਤਾ ਪੁਰਖੀ ਅਤੇ ਜਾਤ ਅਧਾਰਤ ਕਰਨ ਲਈ ਮਜਬੂਰ ਕਰਦਾ ਹੈ। ਯੋਗਤਾਵਾਂ 'ਤੇ ਅਧਾਰਤ ਕੰਮ ਨਾ ਚੁਨਣ ਦੀ ਖੁੱਲ੍ਹ ਹੀ ਬੇਰੁਜ਼ਗਾਰੀ ਨੂੰ ਜਨਮ ਦਿੰਦੀ ਹੈ।

ਅੰਬੇਦਕਰ ਅਨੁਸਾਰ ਬਹੁਤ ਸਾਰੇ ਲੋਕ ਜਾਤ ਪ੍ਰਥਾ ਦਾ ਵੱਖਰੀ ਨਸਲ (Race) ਦੇ ਰਾਹੀਂ ਬਚਾਅ ਕਰਦੇ ਹਨ। ਭਾਰ ਵੱਖ-ਵੱਖ ਜਾਤਾਂ ਦੇ ਲੋਕਾਂ ਦੀਆਂ ਨਸਲਾਂ ਵੀ ਅਲੱਗ-ਅਲੱਗ ਮੰਨਦੇ ਹਨ। ਪਰੰਤੂ ਅੰਬੇਦਕਰ ਕਹਿੰਦੇ ਹਨ ਜਾਤਪ੍ਰਥਾ ਵਿਵ ਸਮਾਜਕ ਵੰਡ (Social Division) ਹੈ ਨਾ ਕਿ ਨਸਲੀ ਵੰਡ (Racial Division)। ਇਕੱਠੇ ਭੋਜਨ ਛਕਣ ਨਾਲ ਖ਼ੂਨ ਦੇ ਤਬਦੀਲੀ ਨਹੀਂ ਹੁੰਦੀ ਫਿਰ ਵੀ ਇਕੱਠੇ ਭੋਜਨ ਖਾਣ ਦੀ ਮਨਾਹੀ ਜਾਤਪ੍ਰਥਾ ਕਰਦੀ ਹੈ। ਜਾਤਪ੍ਰਥਾ ਸਮਾਜਿਕ ਪ੍ਰਬੰਧ ਹੈ ਜੋ ਇਕ ਵਰਗ ਰਾਹੀਂ ਦੂਜੇ ਵਰਗ ਨੂੰ ਕੰਟਰੋਲ ਵਿਚ ਰੱਖਣ ਦਾ ਸਾਧਨ ਹੈ।ਜਾਤਾਂ ਵਿੱਚ ਵੰਡੇ ਸਮਾਜ ਵਿਚ ਸਹਿਯੋਗ ਅਤੇ ਸੰਗਠਨ ਦੀ ਭਾਵਨਾ ਦਾ ਪੈਦਾ ਹੋਣਾ ਨਾ-ਮੁਮਕਿਨ ਹੈ। ਸਮਾਜਿਤ ਸੁਧਾਰ ਲਈ ਲਾਜ਼ਮੀ ਹੈ, ਵਿਅਕਤੀ ਆਪਣੇ ਵਿਚਾਰ ਅਤੇ ਵਿਸ਼ਵਾਸ ਨੂੰ ਨਵੇਂ

ਸਿਰੇ ਤੋਂ ਘੜੇ। ਜੋ ਜਾਤ ਦੇ ਬੰਧਨਾਂ ਤੋਂ ਮੁਕਰਾਂ ਪ੍ਰਾਪਤ ਕਰਕੇ ਜਾਤ ਤੋਂ ਬਿਨਾਂ ਨੈਤਿਕਤਾ ਦੀ ਸਿਰਜਣਾ ਕਰੋ। ਜਾਤ ਮਨੁੱਖ ਵਿੱਚ ਕੇਵਲ ਆਪਣੀ ਜਾਤ ਨੂੰ ਸਹੀ ਮੰਨਣ ਦੀ ਭਾਵਨਾ ਪੈਦਾ ਕਰਦੀ ਹੈ ਅਤੇ ਜਾਤ ਅਧਾਰਿਤ ਨੈਤਿਕਤਾ ਰਾਸ਼ਟਰੀ ਤੌਰ 'ਤੇ ਸੋਚਣ ਦੇ ਰਾਹ ਵਿੱਚ ਰੁਕਾਵਟ ਹੈ।

ੲ. ਸੁਤੰਤਰਤਾ, ਸਮਾਨਤਾ ਅਤੇ ਭਾਈਚਾਰਾ ਦਰਮਿਆਨ ਆਪਸੀ ਸੰਬੰਧ ਕਿਵੇਂ ਹੈ ?

ਉੱਤਰ :– ਸੁਤੰਤਰਤਾ, ਸਮਾਨਤਾ ਅਤੇ ਭਾਈਚਾਰਾ (Liberty , Equality and Fraternity) : ਡਾ. ਅੰਬੇਦਕਰ ਅਨੁਸਾਰ ਜੇਕਰ ਜਾਤ ਪ੍ਰਥਾ ਨਾਂ ਹੋਵੇ ਤਾਂ ਲੋਕਾਂ ਦੇ ਸੁਪਨਿਆਂ ਦਾ ਰਾਜ ਹੋਵੇਗਾ ਜਿਸ ਵਿਚ ਭਾਈਚਾਰਾ ਹੋਵੇ। ਉਹਨਾਂ ਅਨੁਸਾਰ ਭਾਈਚਾਰਾ (Fraternity) ਲੋਕਤੰਤਰ (Democarcy) ਦਾ ਦੂਜਾ ਨਾਂ ਹੈ। ਲੋਕਤੰਤਰ ਕੇਵਲ ਸਰਕਾਰ ਦੀ ਕਿਸਮ ਨਹੀ ਹੈ ਸਗੋਂ ਇਹ ਤਾਂ ਸਾਂਝੀ ਜ਼ਿੰਦਗੀ ਅਤੇ ਮਿਲ ਜੁਲ ਕੇ ਰਹਿਣ ਦਾ ਪ੍ਰਬੰਧ ਹੈ। ਲੋਕਤੰਤਰ ਨਾਲ ਦਿਆਂ ਦਾ ਸਤਿਕਾਰ ਅਤੇ ਮਾਣ-ਭਾਵ ਪ੍ਰਗਟ ਕਰਨ ਦਾ ਇਕ ਰਵੱਈਆ (Attitude) ਹੈ। ਜ਼ਿੰਦਗੀ ਜਿਉਣ ਲਈ ਸੰਪੱਤੀ (Property) ਸਾਧਨ ਅਤੇ ਜ਼ਿੰਦਗੀ ਨੂੰ ਤੰਦਰੁਸਤ ਰੱਖਣ ਲਈ ਕੰਮ ਦੀ ਸੁਤੰਤਰਤਾ ਲਾਜ਼ਮੀ ਹੈ । ਗੁਲਾਮ ਹੋਣ ਲਈ ਕਾਨੂੰਨੀ ਤੌਰ 'ਤੇ ਕਿਸੇ ਦੇ ਅਧੀਨ ਹੋਣਾ ਜ਼ਰੂਰੀ ਨਹੀਂ ਹੈ। ਗੁਲਾਮੀ ਸਮਾਜ ਦਾ ਉਹ ਪੱਧਰ ਹੈ ਜਿਸ ਵਿੱਚ ਕੁੱਝ ਮਨੁੱਖ ਦੂਜਿਆਂ (ਅਖੌਤੀ ਉਚਿਆਂ) ਤੋਂ ਆਪਣੀ ਜ਼ਿੰਦਗੀ ਦਾ ਮਕਸਦ ਪੁੱਛਦੇ ਹਨ ਅਤੇ ਉਹਨਾਂ ਦੀ ਮਰਜ਼ੀ ਅਨੁਸਾਰ ਹੀ ਜ਼ਿੰਦਗੀ ਜਿਉਂਦੇ ਹਨ। ਸਮਾਨਤਾ (Equality) ਦੇ ਵਿਰੁੱਧ ਇਹ ਤਕੜਾ ਤਰਕ ਹੈ ਕੇ ਸਾਰੇ ਸਮਾਨ ਨਹੀਂ ਹਨ (all are not equal) ਜੇਕਰ ਸਾਰੇ ਸਮਾਨ (Equal) ਨਹੀਂ ਹਨ ਤਾਂ ਕੀ ਅਸਮਾਨ (Unequal) ਵਿਹਾਰ ਕਰਨਾ ਸਹੀ/ਠੀਕ ਹੈ ? ਵਿਅਕਤੀਵਾਦੀ ਵਿਦਵਾਨਾ (Iduvdualist) ਅਨੁਸਾਰ ਕੁਝ ਵਿਅਕਤੀਆਂ ਨੇ ਕੰਮ ਵਿੱਚ ਆਪਣਾ ਪੂਰਾ ਜ਼ੋਰ (effort) ਨਹੀਂ ਲਾਏ ਇਸ ਲਈ ਉਹਨਾਂ ਨੂੰ ਘੱਟ ਤਵੱਜੋ ਦੇਣਾ ਸਹੀ ਹੈ। ਪਰੰਤੂ ਮਨੁੱਖਾਂ ਨੂੰ ਸਮਾਨ ਵਿਹਾਰ ਕਰਨ ਤੋਂ ਭਾਵ ਸੰਪੂਰਨ ਬਰਾਬਰੀ ਨਹੀਂ ਸਗੋਂ ਉਹਨਾਂ ਦਾ ਮਨੁੱਖ (Human) ਹੋਣ ਦੇ ਨਾਂ 'ਤੇ ਸਤਿਕਾਰ ਕਰਨਾ ਲਾਜ਼ਮੀ ਹੈ। ਕਿਉਂਕਿ ਜਾਤ ਪ੍ਰਥਾ ਅਜਿਹੇ ਸਤਿਕਾਰ ਨੂੰ ਪੈਦਾ ਹੋਣ ਦੇ ਰਸਤੇ ਵਿਚ ਰੁਕਾਵਟ ਹੈ।

ਸ. ਸੰਯੁਕਤ ਚੋਣ ਮੰਡਲ ਤੋਂ ਕੀ ਭਾਵ ਹੈ।

ਉੱਤਰ :– ਸੰਯੁਕਤ ਚੋਣ ਮੰਡਲ(Joint Electorate) :-ਡਾ. ਅੰਬੇਦਕਰ ਦੁਆਰਾ ਸਮਾਜਿਕ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਹੀ ਰਾਜਨੀਤਕ ਸੰਸਥਾਵਾਂ ਬਨਾਉਣ ਲਈ ਜ਼ੋਰ ਦਿੱਤਾ ਜਾ ਰਿਹਾ ਸੀ। ਅਜਿਹੇ ਵਿਚ ਸੰਨ 1932 ਵਿਚ ਅੰਗਰੇਜ਼ ਸਰਕਾਰ ਨੇ ਸੰਪਰਦਾਇਕ ਪੁਰਸਕਾਰ (Commal Amand ਰਾਹੀਂ ਦਬੇ ਕੁਚਲੇ/ਦਲਿਤ ਲੋਕਾਂ ਲਈ ਵੱਖਰੇ ਚੋਣ-ਮੰਡਲ (Electorate) ਬਨਾਉਣ ਦਾ ਐਲਾਨ ਕੀਤਾ ਗਿਆ। ਵੱਖਰੇ ਚੋਣ-ਮੰਡਲ ਦੀ ਸ਼ੁਰੂਆਤ ਸੰਨ 1909 ਵਿਚ ਭਾਰਤੀ ਕੌਂਸਲ ਐਕਟ (Indian Councils Act 1909) ਰਾਹੀਂ ਮੁਸਲਮਾਨਾਂ, ਸਿੱਖਾਂ, ਭਾਰਤੀ ਇਸਾਈਆਂ, ਐਗਲੋਂ-ਭਾਰਤੀਆਂ ਅਤੇ ਯੂਰਪੀਅਨਾਂ ਤੋਂ ਹੋਈ। ਸੰਨ 1932 ਵਿਚ ਦਲਿਤਾਂ/ਦਬੇ-ਕੁਚਲੇ ਲੋਕਾਂ ਨੂੰ ਵੱਖਰ ਚੋਣ-ਮੰਡਲ ਵਿਚ ਸ਼ਾਮਲ ਕਰ ਲਿਆ ਗਿਆ । ਮਹਾਤਮਾ ਗਾਂਧੀ ਅਲੱਗ ਚੋਣ-ਮੰਡਲ ਦੇ ਵਿਰੋਧ ਵਿਚ ਸਨ ਕਿਉਂਕਿ ਅਜਿਹਾ ਹੋਣ ਨਾਲ ਹਿੰਦੂ ਸਮਾਜ ਵਿਚ ਵੰਡ ਪੈ ਜਾਵੇਗੀ। ਇਸ ਦੇ ਵਿਰੋਧ ਵਿਚ ਮਹਾਤਮਾ ਨੇ ਪੂਨੇ ਦੀ ਯੇਰਵਾੜਾ ਜੇਲ ਵਿਚ ਮਰਨ ਵਰਤ ਰੱਖਿਆ। ਵੱਖਰੇ-ਚੋਣ-ਮੰਡਲ ਦਾ ਹੱਲ ਕਰਨ ਲਈ ਅੰਬੇਦਕਰ ਬੜੇ ਦੁੱਖੀ ਮਨ ਨਾਲ ਮਹਾਤਮਾ ਗਾਂਧੀ ਨਾਲ 25 ਸਤੰਬਰ, 1932 ਨੂੰ ਸਮਝੌਤਾ ਹੋਇਆ ਜੋ ਪੂਨਾ ਪੈਕਟ (Poona Pact)ਦੇ ਨਾਂ ਨਾਲ ਪ੍ਰਸਿੱਧ ਹੈ। ਸਮਝੌਤੇ ਦੀ ਮੁੱਖ ਮੰਦ ਸੀ ਕਿ ਅਲੱਗ ਚੋਣ-ਮੰਡਲ ਦੇ ਸਥਾਨ 'ਤੇ ਸਾਂਝਾ ਚੋਣ ਮੰਡਲ (Joint Electorate) ਹੋਣਗੇ, ਪ੍ਰੰਤੂ ਦਲਿਤਾਂ/ਕਮਜ਼ੋਰ ਵਰਗਾਂ (Deprec Clmm) ਲਈ ਸੀਟਾਂ ਰਾਖਵੀਆਂ ਰੱਖੀਆਂ ਜਾਣਗੀਆਂ।

ਹ. ਡਾ. ਭੀਮ ਰਾਓ ਅੰਬੇਦਕਰ ਦੇ ਸੰਵਿਧਾਨ ਨਿਰਮਾਣ ਵਿਚ ਪਾਏ ਯੋਗਦਾਨ ਦਾ ਵਰਨਣ ਕਰੋ।

ਉੱਤਰ :– ਭਾਰਤ ਲਈ ਸੰਵਿਧਾਨ ਬਨਾਉਣ/ਨਿਰਮਾਣ ਦਾ ਕਾਰਜ ਨੇਪਰੇ ਚਾੜਨ ਲਈ ਅੰਬੇਦਕਰ ਮਸੌਦਾ ਕਮੇਟੀ (Draffting Committee) ਦੇ ਚੇਅਰਮੈਨ ਵਜੋਂ ਮਿਤੀ 29 ਅਗਸਤ, 1947 ਵਿਚ ਨਿਯੁਕਤ ਕੀਤੇ ਗਏ। ਇਹ ਕਮੇਟੀ ਸੰਵਿਧਾਨ ਸਭਾ (Constituent Assembly) ਦੀਆਂ ਬਾਕੀ ਸਾਰੀਆਂ ਕਮੇਟੀਆਂ ਨਾਲੋਂ ਮਹੱਤਵਪੂਰਨ ਕਮੇਟੀ ਸੀ। ਬਾਕੀ ਕਮੇਟੀਆਂ ਦੁਆਰਾ ਦਿੱਤੇ ਜਾਂਦੇ ਪ੍ਰਸਤਾਵਾਂ (Proposals) ਨੂੰ ਵੱਖ (Consider) ਕਿ ਫਰਵਰੀ 1948 ਨੂੰ ਸੰਵਿਧਾਨ ਦਾ ਪਹਿਲਾ ਖਰੜਾ (Draft) ਤਿਆਰ ਕੀਤਾ। ਭਾਰਤ ਦੇ ਲੋਕਾਂ ਨੂੰ ਅੱਠ ਮਹੀਨਿਆਂ ਦੇ ਸਮੇਂ ਵਿਚ ਤਿਆਰ ਖਰੜੇ ਨੂੰ ਪੜ੍ਹਨ, ਸਮਝਣ ਦਾ ਮੌਕਾ ਦਿੱਤਾ ਤਾਂ ਜੋ ਇਸ ਵਿਚ ਬਣਦੀਆਂ ਸੋਧਾਂ ਦੇ ਬਾਰੇ ਵਿਚਾਰ, ਸੁਝਾਅ ਲੋਕ ਤੋਂ ਪ੍ਰਾਪਤ ਕੀਤੇ ਜਾ ਸਕਣ। ਮਸੌਦਾ ਕਮੇਟੀ ਨੇ ਸੰਵਿਧਾਨ ਦਾ ਦੂਜਾ ਖਰੜਾ ਅਕਤੂਬਰ 1948 ਵਿਚ ਪ੍ਰਕਾਸ਼ਤ ਕਰਵਾਇਆ। ਮਸੌਦਾ ਕਮੇਟੀ ਨੇ ਕੇਵਲ 141 ਦਿਨਾਂ ਦੀਆਂ ਕੁੱਲ ਬੈਠਕਾਂ (Sittings) ਵਿਚ ਡਾ. ਅੰਬੇਦਕਰ ਦੀ ਅਗਵਾਈ ਵਿਚ ਸੰਵਿਧਾਨ ਦੇ ਖਰੜੇ ਨੂੰ ਤਿਆਰ ਕੀਤਾ। ਭਾਵੇ ਸੰਵਿਧਾਨ ਦੇ ਮੁੱਖ ਫੈਸਲੇ ਮੁੱਖ ਆਗੂਆ ਵੱਲੋਂ ਲਏ ਗਏ ਸਨ । ਪਰ ਡਾ. ਸਾਹਿਬ ਦੀ ਮਿਹਨਤ ਬੇਮਿਸਾਲ ਸੀ।

III. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸਤਰਾਂ ਵਿੱਚ ਦਿਓ-

ੳ. ਡਾ. ਭੀਮ ਰਾਓ ਅੰਬੇਦਕਰ ਅਨੁਸਾਰ ਜਾਤ-ਪ੍ਰਬੰਧ ਪ੍ਰਥਾ ਸਾਰੀਆਂ ਸਮਾਜਿਕ, ਆਰਥਿਕ ਅਤੇ ਰਾਜਨੀਤ ਬੁਰਾਈਆਂ ਦੀ ਜੜ੍ਹ ਕਿਵੇਂ ਹੈ ?

ਉੱਤਰ :– ਡਾ. ਅੰਬੇਦਕਰ ਅਨੁਸਾਰ ਭਾਰਤ ਵਿੱਚ ਸਾਰੀਆਂ ਬੁਰਾਈਆਂ ਦੀ ਜੜ੍ਹ ਜਾਤ-ਪਾਤ ਦਾ ਪ੍ਰਬੰਧ ਹੈ (Caste System) ਜਾਤਪਾਤ ਦੋ-ਧਾਰੀ ਤਲਵਾਰ ਹੈ ਜੋ ਵਿਤਕਰਾ ਕਰਨ ਵਾਲੇ ਅਤੇ ਸਹਿਣ ਵਾਲੇ ਦੀਆਂ ਅਸਲ ਪ੍ਰਤੀਭਾਵਾਂ ਦਾ ਨੁਕਸਾਨ ਕਰਦੀ ਹੈ। ਇਹ ਗੱਲ ਲਾਜ਼ਮੀ ਹੈ ਕਿ ਜਾਤ-ਪ੍ਰਥਾ ਵਿਚ ਵਿਸ਼ਵਾਸ ਰੱਖਣ ਵਾਲੇ ਅਤੇ ਇਸਦੇ ਅਨੁਸਾਰ ਜੀਵਨ ਬਸਰ ਕਰਨ ਵਾਲੇ : ਨੁਕਸਾਨ ਦੁਰਗਾਮੀ ਹੁੰਦਾ ਹੈ ਪੰਤ ਜੋ ਜਾਤ ਅਧਾਰਤ ਵਿਤਕਰਾ ਸਹਿ ਰਹਿ ਹੁੰਦਾ ਹੈ ਉਸਦਾ ਨਾਲ-ਨਾਲ ਹੀ ਨੁਕਸਾਨ ਹੈ ਹੁੰਦਾ ਹੈ। ਅੰਬੇਦਕਰ ਦਾ ਕਹਿਣਾ ਸੀ ਕਿ ਵਰਤਮਾਨ ਵਿਚ ਵੀ ਜਾਤ-ਪਾਤ ਨੂੰ ਚੰਗਾ ਸਮਝਣ ਵਾਲੇ ਲੋਕ ਹਨ ਅਤੇ ਉਹ ਕਹਿ ਹਨ ਕਿ ਜਾਤ ਪ੍ਰਥਾ ਤਾਂ ਮਜ਼ਦੂਰੀ ਵੰਡ (Division of Labour) ਦਾ ਦੂਜਾ ਨਾ ਹੈ। ਕਿਸੇ ਵੀ ਸੱਭਿਅਕ ਸਮਾਜ ਨੂੰ ਵਿ ਕਰਨ ਲਈ ਕੰਮ ਦੀ ਵੰਡ ਲਾਜ਼ਮੀ ਹੈ। ਅੰਬੇਦਕਰ ਜਾਤਪ੍ਰਥਾ ਨੂੰ ਕੰਮ/ਮਜ਼ਦੂਰੀ ਦੀ ਵੰਡ ਨਹੀਂ ਕਾਮਿਆਂ ਦੀ ਵੰਡ ਕਹਿੰਦੇ ਹਾਂ । ਕੰਮ ਦੀ ਵੰਡ ਲਾਜ਼ਮੀ ਹੈ ਪਰੰਤੂ ਕਾਮਿਆਂ ਨੂੰ ਉਹਨਾਂ ਦੇ ਜਨਮ ਦੇ ਅਧਾਰ 'ਤੇ ਵੰਡਣਾ ਜਾਤ ਪ੍ਰਥਾ ਦਾ ਮੁੱਢਲਾ ਕਾਰਜ : ਕਾਮਿਆਂ ਦੀ ਵੰਡ ਤੋਂ ਅੱਗੇ ਜਾ ਕਿ ਜਾਤ ਪ੍ਰਥਾ ਕਾਮਿਆਂ ਨੂੰ ਦਰਜਾਬੰਦੀ (Hierarchcy) ਰਾਹੀਂ ਇਕ ਦੂਜੇ ਤੋਂ ਉਪਰ ਦਰਸ਼ ਦੇ ਦਿੰਦੀ ਹੈ। ਕਈ ਸਮਾਜ ਅਜਿਹੇ ਵੀ ਹਨ ਜਿਨ੍ਹਾਂ ਵਿਚ ਮਜ਼ਦੂਰਾਂ/ਕਾਮਿਆਂ ਦੀ ਦਰਜਾਬੰਦੀ ਨਹੀਂ ਹੁੰਦੀ ਸਗੋਂ ਉਹਨਾਂ ਦੀਆਂ ਯੋਗਤਾਵਾਂ ਦੇ ਅਧਾਰ 'ਤੇ ਉਹ ਕੰਮ ਕਰਦੇ ਹਨ। ਜਾਤਪ੍ਰਥਾ ਕੰਮ ਦੀ ਵੰਡ ਰਾਹੀਂ ਜੋ ਕਾਮਿਆਂ ਨੂੰ ਵੰਡਦੀ ਹੈ ਇਹ ਕੋਈ ਕੁਦਰਤ ਗੁਣਾਂ ਦੇ ਅਧਾਰ 'ਤੇ ਨਹੀਂ ਸਗੋਂ ਉਹਨਾਂ ਦੀ ਜਾਤ ਦੇ ਅਧਾਰ 'ਤੇ ਵੰਡਦੀ ਹੈ। ਜਾਤ ਪ੍ਰਬੰਧ ਵਿਅਕਤੀਗਤ ਅਤੇ ਸਮਾਜਿਕ ਹੈ। 'ਤੇ ਮਨੁੱਖ ਆਪਣੀਆਂ ਯੋਗਤਾਵਾਂ ਦਾ ਵਿਕਾਸ ਕਰਨ ਦਾ ਮੌਕਾ ਨਹੀ ਦਿੰਦਾ ਸਗੋਂ ਪਿਤਾ ਪੁਰਖੀ ਅਤੇ ਜਾਤ ਅਧਾਰਤ ਕਰਨ ਲਈ ਮਜਬੂਰ ਕਰਦਾ ਹੈ। ਯੋਗਤਾਵਾਂ 'ਤੇ ਅਧਾਰਤ ਕੰਮ ਨਾ ਚੁਨਣ ਦੀ ਖੁੱਲ੍ਹ ਹੀ ਬੇਰੁਜ਼ਗਾਰੀ ਨੂੰ ਜਨਮ ਦਿੰਦੀ ਹੈ।

ਅੰਬੇਦਕਰ ਅਨੁਸਾਰ ਬਹੁਤ ਸਾਰੇ ਲੋਕ ਜਾਤ ਪ੍ਰਥਾ ਦਾ ਵੱਖਰੀ ਨਸਲ (Race) ਦੇ ਰਾਹੀਂ ਬਚਾਅ ਕਰਦੇ ਹਨ। ਭਾਰ ਵੱਖ-ਵੱਖ ਜਾਤਾਂ ਦੇ ਲੋਕਾਂ ਦੀਆਂ ਨਸਲਾਂ ਵੀ ਅਲੱਗ-ਅਲੱਗ ਮੰਨਦੇ ਹਨ। ਪਰੰਤੂ ਅੰਬੇਦਕਰ ਕਹਿੰਦੇ ਹਨ ਜਾਤਪ੍ਰਥਾ ਵਿਵ ਸਮਾਜਕ ਵੰਡ (Social Division) ਹੈ ਨਾ ਕਿ ਨਸਲੀ ਵੰਡ (Racial Division) । ਇਕੱਠੇ ਭੋਜਨ ਛਕਣ ਨਾਲ ਖੂਨ ਦੇ ਤਬਦੀਲੀ ਨਹੀਂ ਹੁੰਦੀ ਫਿਰ ਵੀ ਇਕੱਠੇ ਭੋਜਨ ਖਾਣ ਦੀ ਮਨਾਹੀ ਜਾਤਪ੍ਰਥਾ ਕਰਦੀ ਹੈ। ਜਾਤਪ੍ਰਥਾ ਸਮਾਜਿਕ ਪ੍ਰਬੰਧ ਹੈ ਜੋ ਇਕ ਵਰਗ ਰਾਹੀਂ ਦੂਜੇ ਵਰਗ ਨੂੰ ਕੰਟਰੋਲ ਵਿਚ ਰੱਖਣ ਦਾ ਸਾਧਨ ਹੈ।ਜਾਤਾਂ ਵਿੱਚ ਵੰਡੇ ਸਮਾਜ ਵਿਚ ਸਹਿਯੋਗ ਅਤੇ ਸੰਗਠਨ ਦੀ ਭਾਵਨਾ ਦਾ ਪੈਦਾ ਹੋਣਾ ਨਾ-ਮੁਮਕਿਨ ਹੈ। ਸਮਾਜਿਤ ਸੁਧਾਰ ਲਈ ਲਾਜ਼ਮੀ ਹੈ, ਵਿਅਕਤੀ ਆਪਣੇ ਵਿਚਾਰ ਅਤੇ ਵਿਸ਼ਵਾਸ ਨੂੰ ਨਵੇਂ

ਸਿਰੇ ਤੋਂ ਘੜੇ। ਜੋ ਜਾਤ ਦੇ ਬੰਧਨਾਂ ਤੋਂ ਮੁਕਰਾਂ ਪ੍ਰਾਪਤ ਕਰਕੇ ਜਾਤ ਤੋਂ ਬਿਨਾਂ ਨੈਤਿਕਤਾ ਦੀ ਸਿਰਜਣਾ ਕਰੋ। ਜਾਤ ਮਨੁੱਖ ਵਿੱਚ ਕੇਵਲ ਆਪਣੀ ਜਾਤ ਨੂੰ ਸਹੀ ਮੰਨਣ ਦੀ ਭਾਵਨਾ ਪੈਦਾ ਕਰਦੀ ਹੈ ਅਤੇ ਜਾਤ ਅਧਾਰਿਤ ਨੈਤਿਕਤਾ ਰਾਸ਼ਟਰੀ ਤੌਰ 'ਤੇ ਸੋਚਣ ਦੇ ਰਾਹ ਵਿੱਚ ਰੁਕਾਵਟ ਹੈ।

ਅ. ਡਾ. ਭੀਮ ਰਾਓ ਅੰਬੇਦਕਰ ਰਾਜਨੀਤੀ ਅਤੇ ਆਰਥਿਕਤਾ ਨਾਲੋਂ ਸਮਾਜਿਕਤਾ ਨੂੰ ਪਹਿਲ ਕਿਉਂ ਹਨ ?

ਉੱਤਰ :- ਰਾਜਨੀਤੀ ਅਤੇ ਆਰਥਿਕਤਾ ਨਾਲੋਂ ਸਮਾਜਿਕਤਾ ਨੂੰ ਪਹਿਲ (Social precede the political and economy) ਭਾਰਤ ਵਿਚ ਸਮਾਜ ਸੁਧਾਰਕਾਂ ਨੂੰ ਅੰਬੇਦਕਰ ਦੋ ਵਰਗਾਂ ਵਿਚ ਵੰਡਦੇ ਹਨ। ਇਕ ਵਰਗ ਰਾਜਨੀਤਕ ਸੁਧਾਰਕਾਂ ਦਾ ਦੂਜਾ ਸਮਾਜੀਵਾਦੀ/ਆਰਥਿਕ ਸੁਧਾਰਕਾਂ ਦਾ। ਵੱਡਾ ਸਵਾਲ ਹੈ ਕਿ ਮਨੁੱਖਤਾ ਦਾ ਭਲਾ ਕਰਨ ਲਈ ਕਿਹੜੇ ਸੁਧਾਰ ਲਾਜ਼ਮੀ ਹਨ ?ਕੀ ਸਮਾਜਿਕ ਸੁਧਾਰਾਂ ਨੂੰ ਰਾਜਨੀਤਕ ਸੁਧਾਰਾਂ ਤੋਂ ਪਹਿਲ ਦੇਣਾ ਲਾਜ਼ਮੀ ਹੈ? ਰਾਜਨੀਤਕ ਸੁਧਾਰਾਂ ਖ਼ਾਸਕਰ ਕਾਂਗਰਸ ਪਾਰਟੀ ਦੇ ਵੋਮੇਸ਼ ਓ. ਬੈਨਰਜੀ ਨੇ ਕਿਹਾ ਕਿ "ਮੈਂ ਉਹਨਾਂ ਨੂੰ ਸੁਨਣ ਦੇ ਬਿਲਕੁਲ ਪੱਖ ਵਿਚ ਨਹੀਂ ਹਾਂ ਜੋ ਕਹਿੰਦੇ ਹਨ ਕਿ ਅਸੀਂ ਸਮਾਜਿਕ ਸੁਧਾਰਾ ਤੋਂ ਬਿਨਾਂ ਰਾਜਨੀਤਕ ਸੁਧਾਰਾਂ ਦੇ ਕਾਬਲ ਨਹੀਂ ਹਾਂ। ਮੈਂ ਦੋਨਾਂ ਸੁਧਾਰਾਂ ਵਿਚ ਕੋਈ ਸਬੰਧ ਨਹੀਂ ਦੇਖਦਾ। ਕੀ ਸਾਡੀਆਂ ਵਿਧਵਾਵਾਂ ਦੇ ਵਿਆਹ (ਸਮਾਜਿਕ ਸੁਧਾਰ) ਨਾ ਹੋਣ ਕਾਰਨ ਅਸੀਂ ਰਾਜਨੀਤਕ ਸੁਧਾਰਾਂ ਦੇ ਕਾਬਲ ਨਹੀਂ ਅਤੇ ਕੀ ਹੋਇਆ ਜੇਕਰ ਅਸੀਂ ਆਪਣੀ ਕੁੜੀਆਂ ਦੇ ਵਿਆਹ ਛੋਟੀ ਉਮਰ ਵਿਚ ਕਰ ਦਿੰਦੇ ਹਾਂ।"ਅੰਬੇਦਕਰ, ਸ੍ਰੀ ਬੈਨਰਜੀ ਅਤੇ ਹੋਰ ਰਾਜਨੀਤਕ ਸੁਧਾਰਕਾਂ ਨੂੰ ਜਵਾਬ ਦਿੰਦੇ ਹਨ। ਇਹ ਜਵਾਬ ਉਹਨਾਂ ਸਵਾਲਾਂ ਰਾਹੀਂ

(I) ਕੀ ਤੁਸੀਂ ਰਾਜਨੀਤਕ ਸੁਧਾਰਾਂ ਦੇ ਕਾਬਲ ਹੋ ਬਾਵਜੂਦ ਇਸਦੇ ਕਿ ਅਛੂਤਾਂ ਨੂੰ ਸਕੂਲ ਵਿੱਚ ਵਤਨ ਦੀ ਇਜਾਜ਼ਤ ਨਹੀਂ ?

(ii) ਖੂਹਾਂ ਤੋਂ ਪਾਣੀ ਭਰਨ ਤੋਂ ਰੋਕ ਵਾਲਿਆ ਨੂੰ ਰਾਜਨੀਤਕ ਸ਼ਕਤੀ ਦਿੱਤੀ ਜਾ ਸਕਦੀ ਹੈ ?

(iii) ਗਲੀਆਂ ਵਿੱਚੋਂ ਲੰਘਣ ਤੋਂ ਰੋਕਣ ਵਾਲਿਆਂ ਨੂੰ ਰਾਜਨੀਤਕ ਸ਼ਕਤੀ ਦਿੱਤੀ ਜਾ ਸਕਦੀ ਹੈ ?

ਅੰਬੇਦਕਰ ਅਨੁਸਾਰ ਸਿੱਖਾਂ ਅਨੁਸਾਰ ਕੀਤੀ ਰਾਜਨੀਤਕ ਕ੍ਰਾਂਤੀ ਤੋਂ ਗੁਰੂ ਨਾਨਕ ਦੇਵ ਜੀ ਨੇ ਧਾਰਮਿਕ ਅਤੇ ਸਮਾਜਿਕ ਕ੍ਰਾਂਤੀ ਰਾਹੀਂ ਲੋਕਾਂ ਨੂੰ ਸਮਾਜਿਕ ਬੰਧਨਾਂ ਤੋਂ ਅਜ਼ਾਦ ਕੀਤਾ। ਯੂਰਪੀਆਈ ਲੋਕਾਂ ਦੇ ਉਥਾਨ ਲਈ ਮਾਰਟਿਨ ਲੂਥਰ ਕਿੰਗ ਨੇ ਧਰਮ ਸੁਧਾਰ ਅੰਦੋਲਨ (Reformation movement) ਨੇ ਨੀਂਹ ਦਾ ਕੰਮ ਕੀਤਾ। ਚੰਦਰਗੁਪਤ ਦੇ ਰਾਜ ਤੋਂ ਪਹਿਲਾਂ ਮਹਾਤਮਾ ਬੁੱਧ ਦੀ ਧਾਰਮਿਕ ਅਤੇ ਸਮਾਜਿਕ ਕ੍ਰਾਂਤੀ ਨੇ ਨਵੇਂ ਸਮਾਜਿਕ ਪ੍ਰਬੰਧ ਦੀ ਸ਼ੁਰੂਆਤ ਕਰ ਦਿੱਤੀ ਸੀ । ਉਪਰ ਦਿੱਤੀਆਂ ਉਦਾਹਰਨਾਂ ਰਾਹੀਂ ਸਮਝਿਆ ਜਾ ਸਕਦਾ ਹੈ ਰਾਜਨੀਤਕ ਤੌਰ 'ਤੇ ਅਜ਼ਾਦ ਹੋਣ ਲਈ ਮਨ ਅਤੇ ਆਤਮਾ (Mind and Soul) ਦੀ ਮੁਕਤੀ ਲਾਜ਼ਮੀ ਹੈ । ਗੁਲਾਮ ਸੋਚ ਕਦੇ ਵੀ ਉਸਾਰੂ ਅਤੇ ਸੁਤੰਤਰ ਪ੍ਰਬੰਧ ਦੀ ਸਿਰਜਣਾ ਨਹੀਂ ਕਰ ਸਕਦੀ ਹੈ। ਸਮਾਜਵਾਦੀ ਸੰਪਤੀ ਨੂੰ ਸ਼ਕਤੀ ਦਾ ਇਕਲੋਤਾ ਸਾਧਨ ਮੰਨਦੇ ਹਨ ਅਤੇ ਸੰਪੱਤੀ ਦੀ ਬਰਾਬਰ ਵੰਡ ਨਾਲ ਬਾਕੀ ਸਾਰੀਆਂ ਮੁਸ਼ਕਲਾਂ ਦਾ ਹੱਲ ਕੱਢਣ ਦੇ ਹਾਮੀ ਹਨ। ਅੰਬੇਦਕਰ ਅਨੁਸਾਰ 'ਸੰਪੱਤੀ ਹੀ ਸ਼ਕਤੀ ਨਹੀਂ ਹੈ ਸਗੋਂ ਵਿਅਕਤੀ ਦਾ ਸਮਾਜਿਕ ਰੁਤਬਾ (Social Status) ਵੀ ਸ਼ਕਤੀ ਦਾ ਸਾਧਨ ਹੈ ਜੋ ਅਸੀਂ ਮਹਾਤਮਾ ਬੁੱਧ ਦੇ ਰੂਪ ਵਿਚ ਦੇਖ ਸਕਦੇ ਹਾਂ। ਧਰਮ, ਸਮਾਜਿਕ ਰੁਤਬਾ ਅਤੇ ਸਪੱਤੀ ਇਹ ਸਾਰੇ ਹੀ ਸ਼ਕਤੀ ਦੇ ਸਾਧਨ ਹਨ ਜੋ ਦੂਜਿਆਂ ਦੀ ਸੁਤੰਤਰਤਾ ਨੂੰ ਕੰਟਰੋਲ ਕਰਦੇ ਹਨ। ਸਮਾਜਵਾਦੀਆਂ ਦੁਆਰਾ ਦੱਸ ਗਏ ਆਰਥਿਕ ਸੁਧਾਰ ਸਮਾਜਿਕ ਕ੍ਰਾਂਤੀ (Revolution) ਤੋਂ ਬਿਨਾਂ ਸੰਭਵ ਨਹੀਂ। ਲੋਕ ਕ੍ਰਾਂਤੀ ਕਿਉਂ ਕਰਨਗੇ ? ਮਨੁੱਖ ਉਦੋਂ ਤੱਕ ਕ੍ਰਾਂਤੀ ਨਹੀਂ ਕਰਾਂਗੇ ਜਦੋਂ ਤੱਕ ਉਹਨਾਂ ਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਕ੍ਰਾਂਤੀ ਤੋਂ ਬਾਅਦ ਬਰਾਬਰ ਦਾ ਸਤਿਕਾਰ ਮਿਲੇਗਾ ਅਤੇ ਕਿਸੇ ਕਿਸਮ ਦਾ ਵਿਤਕਰਾ ਨਹੀਂ ਕੀਤਾ ਜਾਵੇਗਾ। ਅੰਬੇਦਕਰ ਅਨੁਸਾਰ ਜਾਤ ਦੇ ਪ੍ਰੇਤ (Monster) ਨੂੰ ਹਰਾਏ ਬਿਨਾਂ ਰਾਜਨੀਤਕ ਤੇ ਆਰਥਿਕ ਸੁਧਾਰ ਸੰਭਵ ਨਹੀਂ ਹਨ। ਜਾਤ-ਪਾਤ ਪ੍ਰਨਾਲੀ ਵਿੱਚ ਔਰਤਾਂ ਨੂੰ ਨੀਵਾਂ ਸਮਝਿਆ ਜਾਂਦਾ ਹੈ ਅਤੇ ਜਾਇਦਾਦ, ਸਿਖਿਆ ਆਦਿ ਮੁਢਲੇ ਅਧਿਕਾਰ ਵੀ ਉਹਨਾ ਲਈ ਨਹੀਂ ਸਨ ਜਿਸ ਲਈ ਡਾ. ਅੰਬੇਦਕਰ ਜੀ ਨੇ ਸੰਘਰਸ਼ ਕੀਤਾ ਅਤੇ ਔਰਤਾਂ ਸਬੰਧੀ ਅਧਿਕਾਰ ਦਿਵਾਏ।

## <u>ਪਾਠ 16 **ਪੰਜਾਬ ਦੀਆਂ ਰਾਜਨੀਤਕ ਪ੍ਰਕਿਰਿਆਵਾਂ**</u>

## <u>**(Political Activities of Punjab)**</u>

ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਸਹੀ ਚੋਣ ਕਰਕੇ ਇੱਕ ਜਾ ਦੋ ਸ਼ਬਦਾਂ ਵਿੱਚ ਦਿਓ- ।.

ੳ. ਕਿਹੜਾ ਨਾਮ ਪੰਜਾਬ ਨਾਲ ਸਬੰਧਤ ਨਹੀ ਹੈ ?

(i) ਸਪਤ ਸਿੰਧੂ (ii) ਟੱਕ (ਤੱਖ)

(iii) ਪੰਚ ਨੰਦ **<u>(iv) ਮਿਸਰ</u>**

ਅ. ਸਿੰਕਦਰ ਕਿਸ ਦੇਸ਼ ਨਾਲ ਸਬੰਧਤ ਸੀ।

**<u>(i) ਯੂਨਾਨਯ (ਯਵਨ)</u>** (ii) ਰੋਮ

(iii) ਪਰਸ਼ੀਆ (iv) ਉਸਮਾਨ ਸਾਮਰਾਜ

ੲ. ਪੰਜਾਬ ਦੇ ਗਣਰਾਜ ਵਿੱਚ ਕਿਹੜਾ ਗਣ ਸ਼ਾਮਿਲ ਨਹੀ ਹੈ ?

(i) ਯੋਧੇ **<u>(ii) ਅਰਜਨਾਇਆ</u>**

(iii)ਤ੍ਰਿਕਟੇ (iv) ਅਸਾਕਾ

ਸ. 22 ਮੰਜੀਆ ਦੀ ਸਥਾਪਨਾ ਕਿਸ ਗੁਰੂ ਸਾਹਿਬਾਨ ਵੱਲੋਂ ਕੀਤੀ ਗਈ ?

(i) ਗੁਰੂ ਨਾਨਕ ਦੇਵ ਜੀ (ii) ਗੁਰੂ ਅੰਗਦ ਦੇਵ ਜੀ

**<u>(iii) ਗੁਰੂ ਅਮਰਦਾਸ ਜੀ</u>** (iv) ਗੁਰੂ ਗੋਬਿੰਦ ਸਿੰਘ ਜੀ

ਹ. ਪੰਜਾਬੀ ਲੋਕਾਂ ਦਾ ਰਾਜਨੀਤਕ ਸੁਭਾਅ ਕਿਹੋ ਜਿਹਾ ਰਿਹਾ ਹੈ ?

**<u>(i) ਨਾਬਰੀ ਅਤੇ ਬਗਾਵਤੀ</u>** (ii) ਸਹਿਮਿਆ ਹੋਇਆ

(iii) ਸੱਤਾ ਲਾਲਚ (iv) ਅਧੀਨਗੀ ਕਬੂਲਣ ਵਾਲਾ

ਕ. ਅੰਗਰੇਜ਼ਾਂ ਅਤੇ ਲਾਹੌਰ ਦਰਬਾਰ ਵਿਚਕਾਰ ਸੰਧੀ ਕਦੋ ਹੋਈ ?

**<u>(i) 1809</u>** (ii) 1840

(iii) 1835 (iv) 1801

ਖ. "ਹੋਵੇ ਸਰਕਾਰ ਤਾ ਮੁੱਲ ਪਾਵੇ ਕਿਵੇ ਖਾਲਸੇ ਨੇ ਤਾਗਾਂ ਮਾਰੀਆ ਨੇ ਸ਼ਾਹ ਮੁਹੰਮਦਾ ਇੱਕ ਸਰਕਾਰ: ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆ ਨੇ" ਕਥਨ ਕਿਸਦਾ ਹੈ ?

ਉੱਤਰ :-ਸ਼ਾਹ ਮਹੁਮੰਦ ।

ਗ. ਦੂਸਰੇ ਅੰਗਰੇਜ ਸਿੱਖ ਯੁੱਧ ਸਮੇ ਭਾਰਤ ਦਾ ਗਵਰਨਰ ਜਨਰਲ ਕੌਣ ਸੀ ?

(i) ਕਾਰਨਵਾਇਸ **(ii) ਲਾਰਡ ਡਲਹੌਜੀ**

(iii) ਕਲਾਈਵ (iv) ਓਲੀਵ

ਘ. 9 ਮਾਰਚ 1846 ਨੂੰ ਜੰਮੂ ਕਸ਼ਮੀਰ ਨੂੰ ਪੰਜਾਬ ਨਾਲੋ ਵੱਖ ਕਰਕੇ ਕਿਸ ਸ਼ਾਸਕ ਨੂੰ ਇਨਾਮ ਵਜੋਂ ਵੇਚ ਗਿਆ ਸੀ ?

ਉੱਤਰ :-ਗੁਲਾਬ ਸਿੰਘ ਨੂੰ ।

5. ਪੰਜਾਬ ਦਾ ਪਹਿਲਾ ਲੈਫਟਨੀਨੈਂਟ ਗਵਰਨਰ ਕੌਣ ਸੀ?

ਉੱਤਰ :-ਜੋਹਨ ਲਾਰੈਂਸ ।

ਚ. ਸੱਤਾ ਤਬਾਦਲੇ 1947 ਤੋਂ ਬਾਅਦ ਪੰਜਾਬ ਦਾ ਮੁੱਖ ਮੰਤਰੀ ਕੋਣ ਬਣਿਆ ?

ਉੱਤਰ :-ਭੀਮ ਸੈਨ ਸੱਚਰ ।

ਛ. ਪੰਜਾਬ ਪੁਰਨਗਠਨ ਐਕਟ ਵਿੱਚ ਪਾਣੀਆ ਸਬੰਧੀ ਕਿਹੜੀਆ ਧਾਰਾਵਾਂ ਦਾ ਰੌਲਾ ਹੈ ?

ਉੱਤਰ :- ਰਿਪੇਰੀਅਨ ਸਿਧਾਂਤ ਅਤੇ ਐਸ ਵਾਈ ਐਲ।

II. ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 5-8 ਵਾਕਾਂ ਵਿੱਚ ਦਿਓ-

ੳ. ਪੰਜਾਬ ਦੇ ਵੱਖ-ਵੱਖ ਸਮੇਂ ਰਹੇਂ ਨਾਵਾਂ ਤੇ ਚਰਚਾ ਕਰੋ।

ਉੱਤਰ :- ਸਪਤ ਸਿੰਧੂ ਵਜੋਂ ਜਾਣੇ-ਪਛਾਣੇ ਗਏ ਦਰਿਆਵਾਂ: ਸਿੰਧ, ਜਿਹਲਮ, ਬਨਾਂਅ (ਚਨਾਬ), ਰਾਵੀ, ਬਿਆਸ, ਸਤਲੁਜ ਤੇ ਘੱਗਰ (ਸਰਸਵਤੀ) ਦੇ ਕੰਢਿਆਂ 'ਤੇ ਵਸਦੇ ਲੋਕਾਂ ਜਿਨ੍ਹਾਂ ਵਿੱਚ ਪੱਛਮ ਵਿੱਚ ਅਟਕ ਦਰਿਆ ਤੋਂ ਲੈ ਕੇ ਪੂਰਬ ਵਿੱਚ ਤਿਬੰਤ ਤੱਕ ਅਤੇ ਉੱਤਰ ਵਿੱਚ ਕਸ਼ਮੀਰ ਤੋਂ ਲੈ ਕੇ ਦੱਖਣ ਵੱਲ ਦਿੱਲੀ ਤੱਕ ਦੀ ਧਰਤੀ 'ਤੇ ਪਣਪੇ ਅਤੇ ਉਗਰ ਸਭਿਆਚਾਰ ਨੂੰ ਅਪਣਾਇਆ, ਦੇ ਇਲਾਕੇ ਨੂੰ ਆਮ ਕਰਕੇ ਪੰਜਾਬੀਆਂ ਦਾ ਇਲਾਕਾ ਕਿਹਾ ਜਾਂਦਾ ਹੈ।ਪੈਟਾਪੋਟਾਮੀਆ ਜਾਂ ਸਪਤ-ਸਿੰਧੂ ਅਖਵਾਉਂਦੇ ਪੰਜਾਬ ਦੇ ਇਸ ਭੂ-ਭਾਗ ਵਿੱਚ ਧਰਮ ਅਸਲ ਵਿੱਚ ਸਮਾਜਿਕ ਤੇ ਬੌਧਿਕ ਵਿਚਾਰਾਂ ਨੂੰ ਇਕਸੁਰ ਕਰਨ ਵਾਲੀ ਸੋਚ ਵਜੋਂ ਉਭਰੇ ਹਨ। ਬੁੱਧ ਅਤੇ ਜੈਨ ਧਰਮਾਂ ਦਾ ਮੱਤ ਹੈ ਕਿ ਹਿੰਦੁਸਤਾਨ ਦੇ ਇਸ ਇਲਾਕੇ ਵਿੱਚ ਸਿੰਧ ਘਾਟੀ ਦੀ ਸਭਿਅਤਾ ਤੋਂ ਬਾਅਦ ਇਨ੍ਹਾਂ ਦੋਹੇਂ ਧਾਰਮਿਕ ਮੱਤਾਂ ਦੀ ਹੀ ਚੜ੍ਹਤ ਸੀ

ਅ. ਪੰਜਾਬੀਆ ਦੇ ਨਾਬਰੀ ਸੁਭਾਅ ਉਤੇ ਨੋਟ ਲਿਖੋ।

ਉੱਤਰ :- ਸਮੇਂ ਸਮੇਂ 'ਤੇ ਵੱਖ-ਵੱਖ ਖਿੱਤਿਆਂ ਤੋਂ ਚੱਲ ਕੇ ਲੋਕ ਅਤੇ ਹਮਲਾਵਰ ਇਸ ਧਰਤੀ ਉਪਰ ਆਉਂਦੇ ਰਹੇ ਅਤੇ ਬਹੁਤੇ ਇਥੋਂ ਦੇ ਹੀ ਹੋ ਕੇ ਰਹਿ ਗਏ। ਇਸ ਧਰਤੀ ਦੇ ਨਾਮ, ਸਪਤ ਸਿੰਧੂ, ਪੰਚ ਨੰਦ, ਟੱਕ, ਲਾਹੌਰ ਸੂਬਾ ਆਦਿ ਪੈਂਦੇ ਅਤੇ ਬਦਲਦੇ ਰਹੇ, ਹਕੂਮਤਾਂ ਬਦਲੀਆਂ, ਰਾਜਨੀਤਕ ਲਕੀਰਾਂ (Political Border) ਬਦਲੀਆਂ ਪਰ ਇਸ ਧਰਤੀ ਦੀ ਖਸਲਤ ਨਹੀ ਬਦਲੀ ; ਖੁੱਲੇ ਸੁਭਾਅ, ਦਲੇਰ, ਨਾਬਰ ਬਿਰਤੀ ਵਾਲੇ ਇਥੋਂ ਦੇ ਲੋਕ ਭਾਵੇਂ ਵੱਖ ਵੱਖ ਧਰਮਾਂ ਨਾਲ ਸਬੰਧਤ ਰਹੇ ਹਨ। ਪਰ ਪੰਜਾਬ ਦੇ ਸੱਭਿਆਚਾਰ, ਨੇ ਉਹਨਾਂ ਨੂੰ ਹਮੇਸ਼ਾਂ ਪੰਜਾਬੀ ਨਾਮ ਦੇ ਧਾਗੇ ਵਿੱਚ ਪਰੋਅ ਕੇ ਰੱਖਿਆ ਹੈ। ਇਸ ਖੇਤਰ ਦਾ ਸੁਭਾਅ, ਭੂਗੋਲ, ਸੱਭਿਆਚਾਰ, ਪਛਾਣ, ਮੇਲ-ਜੋਲ ਵਿਸ਼ਵ ਦੇ ਬਾਕੀ ਸਭ ਖੇਤਰਾਂ ਨਾਲੋਂ ਵੱਖਰਾ ਹੈ। ਸਤਿਕਾਰ ਲਈ ਸਤਿਕਾਰ ਅਤੇ ਚੜ੍ਹ ਕੇ ਆਏ ਲਈ ਤਲਵਾਰ ਇਥੋਂ ਦਾ ਸੱਭਿਆਚਾਰ ਰਿਹਾ ਹੈ। ਇਸੇ ਸੱਭਿਆਚਾਰ ਦੀ ਝਲਕ ਇਥੋਂ ਦੀ ਸਿਆਸਤ ਜਾਂ ਰਾਜਨੀਤੀ ਵਿੱਚੋਂ ਵੀ ਝਲਕਦੀ ਹੈ। ਰਾਜਿਆਂ ਦੀ ਪੂਰਨ ਗੁਲਾਮੀ ਦੇ ਉਲਟ ਇੱਥੇ ਵੱਖ ਵੱਖ ਸਮੇਂ ਤੇ ਸੂਰਮੇ ਅਤੇ ਲਹਿਰਾਂ ਨੇ ਤਖਤਾਂ ਨੂੰ ਪਲਟ ਸੁੱਟਿਆ ਹੈ ਵੱਡੇ ਵੱਡੇ ਸਾਮਰਾਜਾ ਨੂੰ ਖ਼ਤਮ ਕਰਕੇ ਸਵੈ ਸ਼ਾਸਨ ਤੇ ਅਧਾਰਿਤ ਗਣਰਾਜਾਂ ਨੂੰ ਬਨਾਉਣ ਦੀ ਬਿਰਤੀ ਤੋਂ ਅਸੀ ਸਮਝ ਸਕਦੇ ਹਾਂ ਕਿ ਪੰਜਾਬੀ ਹਲੀਮੀ ਰਾਜ, ਸਹਿਯੋਗ, ਸਾਂਝੀ ਵਾਲਤਾ ਵਾਲੇ ਅਤੇ ਧੱਕੇਸ਼ਾਹੀ ਵਾਲੀ ਰਾਜਨੀਤੀ ਦੇ ਖਿਲਾਫ ਰਹੇ ਹਨ। ਪੰਜਾਬ ਦੇ "ਨਾਬਰੀ" ਵਿਰਾਸਤ ਨੇ ਇਥੇ ਕਾਬਜ ਹਰ ਜ਼ੁਲਮੀ ਸੱਤ੍ਹਾ ਖਿਲਾਫ ਬਗਾਵਤ ਕੀਤੀ ਅਤੇ ਹਲੀਮੀ ਦੇ ਰਾਜ ਦਾ ਸਾਥ ਦਿੱਤਾ। ਪੰਜਾਬ ਦੇ ਜ਼ਿਆਦਾਤਰ ਹਿੱਸਿਆਂ ਉੱਤੇ ਭਾਵੇਂ ਮੁਗਲਾਂ ਤੇ ਅਫਗਾਨਾਂ ਦਾ ਰਾਜ ਸੀ ਪ੍ਰੰਤੂ ਪੰਜਾਬੀਆਂ ਦੇ ਉੱਦਮ ਨੇ ਰਾਜਨੀਤੀ ਨੂੰ ਨੈਤਿਕ ਕਿਰਦਾਰ ਬਖਸ਼ਿਆ। ਇਸੇ ਕਿਰਦਾਰ ਦੇ ਅਧਾਰ ਤੇ ਬੰਦਾ ਸਿੰਘ ਬਹਾਦਰ ਦੇ ਹਮਲੇ ਸਮੇਂ ਪੰਜਾਬ ਦੇ ਲੋਕਾਂ ਨੇ ਬੰਦਾ ਸਿੰਘ ਬਹਾਦਰ ਦਾ ਸਾਥ ਦਿੱਤਾ ਜਿਸਨੇ ਮੁਗਲ ਸਾਮਰਾਜ ਨੂੰ ਖੋਰਨਾ ਸ਼ੁਰੂ ਕਰ ਦਿੱਤਾ ਅਤੇ ਆਪਣੇ ਜਿੱਤ ਹੋਏ ਇਲਾਕਿਆਂ ਵਿੱਚ ਰਾਜਨੀਤਕ ਸੱਤ੍ਹਾ ਲਈ ਸੂਬੇਦਾਰਾਂ ਦੇ ਨਾਲ ਨਾਲ ਫੈਸਲਾ ਲੈਣ ਲਈ ਬਿਨਾਂ ਕਿਸੇ ਭੇਦਭਾਵ ਦੇ ਖਾਲਸਾ ਪੰਚਾਇਤਾਂ ਸਥਾਪਤ ਕੀਤੀਆਂ। ਜੋ ਸਵੈ ਸ਼ਾਸਨ ਤੇ ਸਥਾਨਕ ਲੋਕਤੰਤਰੀ ਸੱਤਾ ਦਾ ਪ੍ਰਤੀਕ ਸਨ।

ੲ. ਸ੍ਰੀ ਗੁਰੂ ਹਰਗੋਬਿੰਦ ਜੀ ਦੁਆਰਾ ਮੀਰੀ ਪੀਰ ਅਤੇ ਅਕਾਲ ਤਖਤ ਸਾਹਿਬ ਦੀ ਸਥਾਪਤੀ ਦੇ ਉਦੇਸ਼ਾ ਦੀ ਜਾਣਕਾਰੀ ਦਿਓ।

ਉੱਤਰ :- ਛੇਵੇਂ ਗੁਰੂ ਪਾਤਸ਼ਾਹ ਵੱਲੋਂ ਸਥਾਪਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਅਜੋਕਾ ਰੂਪ ਸੰਘਰਸ਼ਸ਼ੀਲ ਲੋਕਾਂ ਦੀ ਰਾਜਨੀਤਕ ਚੇਤਨਾ ਦਾ ਸਾਕਾਰ ਰੂਪ ਦਾ ਮੁੱਢ ਬੰਨ੍ਹ ਦਿੱਤਾ। ਛੇਵੇਂ ਗੁਰੂ ਸ੍ਰੀ ਹਰਗੋਬਿੰਦ ਜੀ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਕੇ ਦੁਨਿਆਵੀਂ ਮਸਲਿਆਂ ਨਾਲ ਅਕਾਲ ਪੁਰਖ ਦੀ ਰਜ਼ਾ ਅਤੇ ਹੁਕਮ ਵਿੱਚ ਨਿਪਟਣ ਲਈ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ ਅਤੇ ਬਕਾਇਦਾ, ਤਖਤ, ਕਚਹਿਰੀ, ਕਿਰਪਾਨ ਤੇ ਸੈਨਾ ਲੈ ਕੇ ਪਾਤਸ਼ਾਹ ਦਾ ਰੂਪ ਧਾਰਨ ਕਰਦਿਆਂ ਅਧਿਆਤਮਕ, ਬਰਬਾਰੀ ਅਧਾਰਿਤ, ਸਰਬੱਤ ਦੇ ਭਲੇ ਅਤੇ ਸਵੈ ਪ੍ਰਬੰਧ ਵਾਲੇ ਰਾਜ ਦੀ ਨੀਂਹ ਰੱਖੀ।

ਸ.ਖਾਲਸਾ ਪੰਥ ਦੀ ਸਾਜਨਾ ਅਤੇ ਪੰਜਾਬ ਦੀ ਰਾਜਨੀਤੀ ਦੇ ਅਸਰ ਕੀ ਪਏ ?

ਉੱਤਰ :- ਸੰਨ 1699 ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਣਾ ਕਰਕੇ ਸਿੱਖ ਦਾ ਸੰਤ-ਸਿਪਾਹੀ ਵਾਲਾ ਰੁਤਬਾ ਕਾਇਮ ਕਰ ਦਿੱ ਜਿਸ ਵਿੱਚ ਬਿਨਾਂ ਕਿਸੇ ਜਾਤੀ, ਰੰਗ, ਧਰਮ, ਭਾਸ਼ਾ ਦੇ ਭੇਦਭਾਵ ਤੋਂ ਹਰ ਇੱਕ ਲਈ ਖਾਲਸਾ ਸਜਣ ਦਾ ਮੌਕੇ ਦੇ ਨਾਲ ਨਾਲ ਆਰਥਿਕ, ਰਾਜਨੀਤਕ ਤੇ ਸਮਾਜਿਕ ਬਰਾਬਰੀ ਦਾ ਅਧਿਕਾਰ ਵੀ ਦਿੱਤਾ। ਦੁਨਿਆਵੀ ਸੱਤ੍ਹਾ ਦੇ ਲਈ ਸਰਬੱਤ ਦੇ ਭਲੇ, ਵੰਡ ਛਕਣ ਦੇ ਨਾਲ ਨਾਲ "ਪੰਚ ਪ੍ਰਧਾਨੀ" ਦੇ ਅਧਾਰ 'ਤੇ ਪੰਜ ਪਿਆਰਿਆ ਨੂੰ ਅੰਮ੍ਰਿਤ ਛਕਾਇਆ ਅਤੇ ਉਹਨ। ਕੋਲੇ ਖੁਦ ਵੀ ਛਕਿਆ। ਪੰਜਾਬ ਖਿੱਤੇ ਵਿੱਚ ਦੱਬੇ ਕੁੱਚਲੇ ਲੋਕਾਂ ਇਸ ਸਮਾਜਿਕ ਅਤੇ ਰਾਜਨੀਤਕ ਕ੍ਰਾਂਤੀ ਵਿੱਚ ਵੱਧ ਰੂ ਕੇ ਹਿੱਸਾ ਲਿਆ। ਸਿੱਖ ਗੁਰੂਆਂ ਨੇ ਮਨੁੱਖ ਦਾ ਸੰਤ-ਸਿਪਾਹੀ ਵਾਲਾ ਕਿਰਦਾਰ ਉੱਚੇ ਸੁੱਚੇ ਮਨੋਰਥਾਂ ਅਤੇ ਨੈਤਿਕ ਸਿਧਾਤਾਂ ਦਾ ਅਧਾਰ 'ਤੇ ਘੜਿਆ ਤੇ ਇਹ ਕਿਰਦਾਰ ਰਾਜਨੀਤਕ ਮਾਮਲਿਆਂ ਵਿੱਚ ਵੀ ਖਰ੍ਹਾ ਉਤਰਦਾ ਸੀ।

ਹ. ਮਿਸਲਾ ਅਧੀਨ ਰਾਜਨੀਤਕ ਪ੍ਰਬੰਧ ਦੀ ਚਰਚਾ ਕਰੋ।

ਉੱਤਰ :- ਮਿਸਲਾਂ ਅਧੀਨ ਸ਼ਾਸਨ ਪ੍ਰਬੰਧ :-ਮੁਗਲਾਂ ਅਤੇ ਅਫਗਾਨਾਂ ਦੇ ਆਪਸੀ ਰੌਲੇ ਅਤੇ ਗੁਰੂ ਸਾਹਿਬਾਨ ਦੁਆਰਾ ਬਖਸ਼ੇ ਜਜ਼ਬੇ ਤੇ ਜੁਅਰਤ ਦੇ ਦਮ 'ਤੇ ਸਿੱਖਾਂ ਨੇ ਪੰਜਾਬ ਉਪਰ ਕਬਜ਼ਾ ਕਰਕੇ ਇਸਨੂੰ 12 ਮਿਸਲਾਂ ਵਿੱਚ ਵੰਡ ਲਿਆ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਨੂੰ ਸਿੱਖ ਗਤੀਵਿਧੀਆਂ ਦਾ ਕੇਂਦਰ ਬਣਾ ਲਿਆ। ਇਹਨਾ ਬਾਰਾਂ ਮਿਸਲਾਂ (Sikh Confderacy) ਦਾ ਸ਼ਾਸਨ ਪ੍ਰਬੰਧ ਸੰਘਾਤਮਕ ਅਤੇ ਸੁਤੰਤਰ ਸਵੈ ਸ਼ਾਸਨ 'ਤੇ ਅਧਾਰਤ ਸੀ ਸਾਰੀਆਂ ਮਿਸਲਾਂ ਦੀ ਹੈਸੀਅਤ ਜੱਥੇਦਾਰ ਸਾਹਮਣੇ ਬਰਾਬਰ ਸੀ। ਵਿਸਾਖੀ ਅਤੇ ਦੀਵਾਲੀ ਆਦਿ ਮੌਕਿਆਂ 'ਤੇ ਸਾਰੀਆਂ ਮਿਸਲਾਂ ਆਪਣੇ ਮਸਲੇ ਜੱਥੇਦਾਰ ਅੱਗੇ ਪੇਸ਼ ਕਰਦੀਆਂ ਸਨ ਕਿਸੇ ਵੀ ਮਸਲੇ ਦੇ ਹੱਲ ਲਈ ਸਰਬੱਤ ਖਾਲਸਾ ਬੁਲਾਇਆ ਜਾਂਦਾ ਸੀ ਜਿਸਨੂੰ ਅੱਜ ਦੇ ਸਮੇਂ ਵਿੱਚ ਅਸੀਂ ਵਿਧਾਨ ਮੰਡਲ ਦੇ ਸਮਾਨ ਮੰਨ ਸਕਦੇ ਹਾਂ। ਗੁਰੂ ਮਰਿਆਦਾ ਅਤੇ ਸਿਧਾਤਾਂ ਅਨੁਸਾਰ ਗੁਰਮਤਾ ਪਾਸ ਕਰਕੇ ਸਭ ਲਈ ਲਾਗੂ ਕਰ ਦਿੱਤਾ ਜਾਂਦਾ ਸੀ ।

ਕ. ਆਰਿਆ ਸਮਾਜ ਅਤੇ ਸਿੰਘ ਸਭਾ ਅੰਦੋਲਨ ਬਾਰੇ ਲਿਖੋ।

ਉੱਤਰ :- ਪੰਜਾਬ ਵਿੱਚ ਆਰੀਆ ਸਮਾਜ ਦੇ ਆਗੂ ਭਾਈ ਪਰਮਾਨੰਦ, ਹਰਭਗਵਾਨ ਆਦਿ ਨੇ ਹਿੰਦੂਆਂ ਵਿੱਚ ਜਾਤ-ਪਾਤ ਖ਼ਤਮ ਕਰਨ ਲਈ ਜਾਤ-ਪਾਤ ਤੋੜਕ ਮੰਡਲ ਬਣਾਇਆ ।ਪੰਜਾਬ ਹਿੰਦੂ, ਸਿੱਖ, ਮੁਸਲਿਮ ਆਦਿ ਕਈ ਭਾਈਚਾਰਿਆਂ ਦਾ ਸਾਂਝਾ ਵਸਦਾ ਖਿੱਤਾ ਸੀ ਜੋ ਇਸ ਆਪਸੀ ਤਣਾਅ ਕਾਰਨ ਖੇਰੂ ਖੇਰੂ ਕਰ ਦਿੱਤਾ ਗਿਆ। 1853 ਈ. ਵਿੱਚ ਮਹਾਰਾਜਾ ਦਲੀਪ ਸਿੰਘ ਦੇ ਇਸਾਈ ਧਰਮ ਵਿੱਚ ਪਰਿਵਰਤਿਤ ਹੋਣ ਅਤੇ ਅੰਮ੍ਰਿਤਸਰ ਸਕੂਲ ਦੇ ਚਾਰ ਵਿਦਿਆਰਥੀਆਂ ਦੇ ਧਰਮ ਪਰਿਵਰਤਨ ਕਰਨ ਤੋਂ ਬਾਅਦ 30 ਜੁਲਾਈ 1873 ਨੂੰ ਸਿੱਖਾਂ ਨੇ ਅੰਮ੍ਰਿਤਸਰ ਵਿਖੇ ਗੁਰੂ ਸਿੰਘ ਸਭਾ ਨਾਂ ਦੀ ਸੰਸਥਾ ਬਣਾਈ ਇਸਦਾ ਮੁਖ ਉਦੇਸ ਸਿੱਖੀ ਦੇ ਪ੍ਰਚਾਰ ਦੇ ਨਾਲ ਨਾਲ ਮਨਮਤ ਨੂੰ ਦੂਰ ਕਰਕੇ ਗੁਰਮਤਿ ਲਾਗੂ ਕਰਨਾ ਸੀ ਇਸੇ ਤਰਜ਼ 'ਤੇ ਲਾਹੌਰ ਵਿੱਚ ਵੀ ਸਿੰਘ ਸਭਾ ਲਹਿਰ ਉਭਰੀ ਜਿਸਨੂੰ ਖਾਲਸਾ ਦੀਵਾਨ ਦਾ ਨਾਮ ਦਿੱਤਾ ਗਿਆ । ਇਸਦੇ ਮੈਂਬਰ ਮੱਧਵਰਗੀ ਪਰਿਵਾਰ ਵਾਲੇ ਪੜ੍ਹੇ-ਲਿਖੇ ਵਿਅਕਤੀ ਸਨ ਜਿਨ੍ਹਾਂ ਵਿਚੋ ਪ੍ਰੋ. ਗੁਰਮੁੱਖ ਸਿੰਘ ਤੇ ਭਾਈ ਦਿੱਤ ਸਿੰਘ ਜੀ ਮੁੱਖ ਸਨ। ਸੰਨ 1892 ਵਿੱਚ ਸਿੱਖਿਆ ਦੇ ਪ੍ਰਸਾਰ ਲਈ ਖਾਲਸਾ ਕਾਲਜ ਅੰਮ੍ਰਿਤਸਰ ਦੀ ਨੀਂਹ ਰੱਖੀ ਗਈ ਉਸੇ ਤਰ੍ਹਾਂ ਆਰਿਆ ਸਮਾਜ ਹਿੰਦੂ ਧਰਮ ਵਿੱਚ ਸੁਧੀਕਰਨ ਤੇ ਮੁਸਲਿਮ ਵਿੱਚ ਵੀ ਧਰਮ ਸੁਧਾਰ ਲਹਿਰਾਂ ਚੱਲੀਆਂ।

ਖ. ਪੰਜਾਬ ਵਿਚਲੀਆ ਨਹਿਰੀ ਪ੍ਰਬੰਧ ਵਾਲੀਆ ਜਮੀਨੀ ਕਲੋਨੀਆ ਦੁਆਰਾ ਰਾਜਨੀਤੀ ਉਪਰ ਪਏ ਪ੍ਰਭਾਵ ਦੀ ਚਰਚਾ ਕਰੋ।

ਉੱਤਰ :- ਸਿੰਜਾਈ ਅਤੇ ਜ਼ਮੀਨੀ ਬੰਦੋਬਸਤ : 1885 ਈ. ਵਿੱਚ ਪੰਜਾਬ ਵਿੱਚ ਨਹਿਰੀ ਪ੍ਰਬੰਧ ਉਸਾਰ ਕੇ 60 ਲੱਖ (6 ਮਿਲੀਅਨ) ਏਕੜ ਭੂਮੀ ਕੇਂਦਰ ਤੋਂ ਪੱਛਮੀ ਪੰਜਾਬ ਵਿੱਚ ਖੇਤੀ ਲਈ ਚੁਣੀ ਗਈ ਇਸਦੇ ਲਈ ਲੋਕਾਂ ਨੂੰ ਕਲੋਨੀਆਂ ਵਿੱਚ ਵਸਾਇਆ ਗਿਆ ਤਾਂ ਜੋ ਬਰਤਾਨੀਆ ਅਤੇ ਭਾਰਤ ਦੀ ਅਨਾਜ ਸਬੰਧੀ ਘਾਟ ਪੂਰੀ ਕੀਤੀ ਜਾਵੇ ਇਸ ਨਾਲ ਵੱਡੇ ਪੱਧਰ 'ਤੇ ਪੈਦਾਵਾਰ ਹੋਈ ਤੇ ਜ਼ਿਮੀਂਦਾਰ ਦਾ ਝੁਕਾਅ ਅੰਗਰੇਜ਼ਾਂ ਵੱਲ ਹੋਣਾ ਸ਼ੁਰੂ ਹੋ ਗਿਆ। ਪੰਜਾਬ ਦੇ ਸਾਰੇ ਧਾਰਮਿਕ ਭਾਈਚਾਰਿਆਂ ਨਾਲ ਸਬੰਧਤ ਜਿਮੀਦਾਰਾਂ ਨੇ ਸਮਾਜਿਕ ਆਰਥਿਕ ਖੇਤਰ ਦੇ ਨਾਲ ਨਾਲ ਯੂਨੀਅਨਿਸਟ ਪਾਰਟੀ ਦੇ ਰੂਪ ਵਿੱਚ ਰਾਜਨੀਤਕ ਖੇਤਰ ਵਿੱਚ ਵੀ ਰਾਜ ਕੀਤਾ ਲਾਇਲਪੁਰ, ਸਰਗੋਧਾ, ਮਿੰਟਗੁਮਰੀ ਵਿੱਚ ਖੇਤੀਬਾੜੀ ਕਲੋਨੀਆਂ ਵਸਾਉਣ ਨਾਲ ਸੰਨ 1947 ਤੱਕ 14 ਮਿਲੀਅਨ ਏਕੜ ਭੂਮੀ ਖੇਤੀਯੋਗ ਹੋ ਚੁੱਕੀ ਸੀ ।

ਗ. ਮਹਾਤਮਾ ਗਾਂਧੀ ਜੀ ਅਤੇ ਜਵਾਹਰ ਲਾਲ ਨਹਿਰੂ ਦੇ ਨਾਲ-ਨਾਲ ਬਾਕੀ ਭਾਰਤੀ ਲੀਡਰਾਂ ਦੇ ਪੰਜਾਬੀਆਂ ਨਾਲ ਕੀਤੇ ਵਾਅਦ ਬਾਰੇ ਲਿਖੋ।

ਉੱਤਰ :- 16 ਅਗਸਤ 1946 ਨੂੰ ਅਜ਼ਾਦੀ ਦੀ ਮੰਗ ਕਰ ਦਿੱਤੀ ਤਾਂ ਜੋ ਪਾਕਿਸਤਾਨ । ਬਣ ਸਕੇ ਜਿਸ ਕਾਰਨ ਬੰਗਾਲ ਅਤੇ ਪੰਜਾਬ ਵਿੱਚ ਵੱਡੇ ਪੱਧਰ ਉਤੇ ਦੰਗੇ ਭੜਕ ਗਏ। ਕਲੱਕਤਾ ਵਿੱਚ ਵੱਡੀ ਪੱਧਰ 'ਤੇ ਕਤਲੇਆਮ ਹੋਇਆ ਜਿਸਨੇ ਅਫਵਾਹਾਂ ਤੇ ਰਾਜਨੀਤਕ ਚਾਲਾਂ ਨਾਲ ਪੰਜਾਬ ਨੂੰ ਵੀ ਲਪੇਟ ਵਿੱਚ ਲੈ ਲਿਆ। ਮਾਸਟਰ ਤਾਰਾ ਸਿੰਘ ਅਤੇ ਬਾਕੀ ਸਿੱਖ ਲੀਡਰਾਂ ਨੂੰ ਪਤਾ ਸੀ ਕਿ ਪਾਕਿਸਤਾਨ ਬਣਨ ਨਾਲ ਸਿੱਖ ਸਭ ਕੁਝ ਗੁਆ

ਬੈਠਣਗੇ ਕਿਉਂਕਿ 1945 ਤੋਂ ਬਾਅਦ ਦਾ ਸਮਾਂ ਜਨਤਾ ਦੀ ਗਿਣਤੀ ਦਾ ਆ ਗਿਆ ਸੀ ਪਰ ਗਿਣਤੀ ਪੱਖੋਂ ਸਿੱਖ ਘੱਟ ਗਿਣਤੀ ਹਾਲਾਂਕਿ ਜਾਇਦਾਦ ਪੱਖੋ ਵੱਡੀਆਂ ਜਗੀਰਾਂ ਦੇ ਮਾਲਕ ਸਨ । ਇਸ ਸਮੇਂ ਮਹਾਤਮਾ ਗਾਂਧੀ ਜੀ ਨੇ ਸਿੱਖਾਂ ਨਾਲ ਵਾਅਦਾ ਕੀਤਾ ਕਿ ਕਾਂਗਰਸ ਕਦੇ ਵੀ ਅਜਿਹਾ ਵਿਧਾਨ ਮਨਜ਼ੂਰ ਨਹੀ ਕਰੇਗੀ ਜਿਸ ਵਿੱਚ ਸਿੱਖਾਂ ਦੀ ਸਹਿਮਤੀ ਨਾ ਹੋਵੇ। ਸਿੱਖਾਂ ਕੋਲ ਕਿਰਪਾਨ ਹੈ ਉਹ ਅਪਣੇ ਹੱਕ ਲੈਣਾ ਜਾਣਦੇ ਹਨ। ਜਵਾਹਰ ਲਾਲ ਨਹਿਰੂ ਨੇ ਸਿੱਖਾਂ ਲਈ ਅਜ਼ਾਦੀ ਤੋਂ ਬਾਅਦ ਭਾਰਤ ਦੇ ਉਤਰ ਵਿੱਚ ਇੱਕ ਖੁਦਮੁਖਤਿਆਰ ਖਿੱਤਾ ਦੇਣ ਦਾ ਵਾਅਦਾ ਕੀਤਾ ਜਿਸਨੇ ਸਿੱਖਾਂ ਨੂੰ ਕਾਂਗਰਸ ਅਤੇ ਹਿੰਦੂ ਲੀਡਰਾਂ ਦੇ ਪੱਖ ਵਿੱਚ ਰੱਖਿਆ ਇਸਦੇ ਉਲਟ ਇਤਿਹਾਸ ਵਿੱਚ ਮੁਗਲਾਂ ਖਿਲਾਫ ਸੰਘਰਸ਼ ਕਾਰਨ ਸਿੱਖ ਮੁਸਲਿਮ ਲੀਡਰਾਂ 'ਤੇ ਵਿਸ਼ਵਾਸ ਨਹੀ ਕਰਦੇ ਸਨ । ਮੁਸਲਿਮ ਲੀਡਰ ਵੀ ਸਿਖਾਂ ਨੂੰ ਮੁਸਲਿਮ ਲੀਗ ਦੀ ਗੱਲ ਮੰਨਣ ਤੇ ਖੁਦਮੁਖਤਿਆਰ ਖਿੱਤਾ ਦੇਣ ਦਾ ਵਾਅਦਾ ਕਰ ਰਹੇ ਸਨ। ਸੰਨ 1946 ਦੀ ਅੰਤਰਿਮ ਸਰਕਾਰ ਵਿੱਚ ਅਕਾਲੀ ਦਲ ਦੇ ਵੱਲੋ ਕੋਈ ਨੁਮਾਇੰਦਾ ਸ਼ਾਮਲ ਨਹੀਂ ਕੀਤਾ ਗਿਆ । ਬਲਦੇਵ ਸਿੰਘ ਨੂੰ ਪੰਥਕ ਪਾਰਟੀ ਵਲੋਂ ਸ਼ਾਮਲ ਕਰਕੇ ਰੱਖਿਆ ਮੰਤਰੀ ਬਣਾਇਆ ਗਿਆ ਸੀ ਪਰੰਤੂ ਕੈਬਨਿਟ ਮਿਸ਼ਨ ਪਲੈਨ ਵਿੱਚ ਸਿੱਖਾਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਸੀ ਜਿਸਦਾ ਮਾਸਟਰ ਤਾਰਾ ਸਿੰਘ ਨੇ ਵਿਰੋਧ ਕੀਤਾ। ਸੰਨ 1947 ਦੇ ਸ਼ੁਰੂ ਵਿੱਚ ਵਾਇਸਰਾਏ ਵੇਵਲ (Wavell) ਨੂੰ ਬਦਲ ਕੇ ਮਾਉਂਟਬੈਂਟਨ ਨੂੰ ਵਾਇਸਰਾਏ ਬਣਾਇਆ ਗਿਆ। ਮਾਸਟਰ ਤਾਰਾ ਸਿੰਘ ਪਾਕਿਸਤਾਨ ਬਣਨ ਦੇ ਸਖਤ ਵਿਰੋਧੀ ਸਨ ਪਰੰਤੂ ਉਹ ਮੰਗ ਕਰ ਰਹੇ ਸਨ ਜੇਕਰ ਪਾਕਿਸਤਾਨ ਬਣੇਗਾ ਤਾਂ ਸਿੱਖਾਂ ਨੂੰ ਵੀ ਅਜ਼ਾਦ ਪੰਜਾਬ ਬਣਾ ਕੇ ਦਿੱਤਾ ਜਾਵੇ।

ਘ. ਸਾਕਾ ਨਨਕਾਣਾ ਸਾਹਿਬ ਤੇ ਨੋਟ ਲਿਖੋ।

ਉੱਤਰ :- ਸਿੱਖ ਪੁਨਰ ਜਾਗ੍ਰਿਤੀ ਦੇ ਵਿੱਚ ਆਪਣੇ ਗੁਰਧਾਮਾਂ ਦੇ ਪ੍ਰਬੰਧ ਲਈ ਗੁਰਦੁਆਰਾ ਸੁਧਾਰ ਲਹਿਰ ਚਲਾਈ ਗਈ ਜਿਸਨੂੰ ਅਕਾਲੀ ਲਹਿਰ ਵੀ ਕਿਹਾ ਜਾਂਦਾ ਸੀ। ਇਸ ਲਹਿਰ ਦੌਰਾਨ ਸ਼ਾਂਤਮਈ ਢੰਗ ਨਾਲ ਸਿੱਖ ਜੱਥੇ ਗੁਰੂਦੁਆਰੇ ਦੇ ਪ੍ਰਬੰਧ ਅਤੇ ਸੇਵਾ ਸੰਭਾਲ ਲਈ ਮਹੰਤਾਂ ਨੂੰ ਬੇਨਤੀ ਕਰਦੇ ਸਨ ਪਰ ਸਰਕਾਰ ਵੱਲੋਂ ਸਿਖਾਂ ਨੂੰ ਤਸੀਹੇ ਅਤੇ ਜੇਲ੍ਹਾਂ ਵਿੱਚ ਬੰਦ ਕੀਤਾ ਗਿਆ । 15 ਨਵੰਬਰ 1920 ਨੂੰ ਅਕਾਲ ਤਖਤ ਤੋਂ ਐਲਾਨ ਦੁਆਰਾ 175 ਸਿਖਾਂ ਦੀ ਕਮੇਟੀ ਬਣੀ ਇਸਨੂੰ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਰ ਕਮੇਟੀ' ਕਿਹਾ ਗਿਆ ਜਿਸਦਾ ਮੁਖ ਕੰਮ ਗੁਰੂਧਾਮਾਂ ਦੀ ਸੇਵਾ ਸੰਭਾਲ ਅਤੇ ਪ੍ਰਬੰਧ ਕਰਨਾ ਸੀ । ਸੁੰਦਰ ਸਿੰਘ ਮਜੀਠੀਆ ਨੂੰ ਪ੍ਰਧਾਨ ਚੁਣਿਆ ਗਿਆ ਪਰ ਉਦੋਂ ਹਾਲੇ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ ਪਾਸ ਨਹੀਂ ਸੀ ਹੋਇਆ। ਐਕਟ ਪਾਸ ਹੋਣ ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਮੁਖ ਪ੍ਰਧਾਨ ਬਾਬਾ ਖੜਕ ਸਿੰਘ ਬਣੇ । ਬਹੁਤ ਸਾਰੇ ਅਜਿਹੇ ਗੁਰੂਦੁਆਰੇ ਸਨ ਜਿਥੇ ਮਹੰਤ ਜੂਆ ਖੇਡਦੇ ਅਤੇ ਸ਼ਰਾਬ ਪੀਂਦੇ ਸਨ ਅਤੇ ਉਹਨਾਂ ਨੂੰ ਅੰਗਰੇਜ਼ ਸਰਕਾਰ ਦੀ ਸ਼ਹਿ ਪ੍ਰਾਪਤ ਸੀ । ਨਨਕਾਣਾ ਸਾਹਿਬ 20 ਫਰਵਰੀ 1921 ਨੂੰ ਗੁਰੂਦੁਆਰਾ ਸਾਹਿਬ ਦੀ ਸੰਭਾਲ ਲਈ ਗਏ 150 ਅਕਾਲੀਆ ਦੇ ਜੱਥੇ ਨੂੰ ਮਹੰਤ ਨਰਾਇਣ ਦਾਸ ਤੇ ਉਸਦੇ ਸੈਨਿਕਾਂ ਨੇ ਕਤਲ ਕਰ ਦਿੱਤਾ ਜਿਸਦਾ ਪੂਰੇ ਭਾਰਤ ਅਤੇ ਖਾਸਕਰ ਪੰਜਾਬ ਵਿੱਚ ਬਹੁਤ ਵਿਰੋਧ ਹੋਇਆ। ਅਕਾਲੀਆਂ ਦੇ ਸ਼ਾਂਤਮਈ ਪ੍ਰਦਰਸ਼ਨ ਅਤੇ ਸੰਘਰਸ਼ ਕਰਨ ਦੀ ਸ਼ਕਤੀ ਨੇ ਪੂਰੇ ਭਾਰਤ ਦੇ ਨੇਤਾਵਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਮਹੰਤ ਨਰੈਣ ਦਾਸ ਨੂੰ ਗ੍ਰਿਫਤਾਕ ਕਰਕੇ ਗੁਰੂਦੁਆਰੇ ਦਾ ਪ੍ਰਬੰਧ ਸਿੱਖਾਂ ਦੇ ਹੱਥ ਦਿੱਤਾ ਗਿਆ। ਮਹਾਤਮਾ ਗਾਂਧੀ ਜੀ ਉਚੇਰੇ ਤੌਰ ਤੇ ਨਨਕਾਣਾ ਸਾਹਿਬ ਪਹੁੰਚੇ ਅਤੇ ਸਿੱਖਾਂ ਨੂੰ ਸਿਰਫ ਪੰਜਾਬ ਹੀ ਨਹੀ ਸਗੋਂ ਸਮੁੱਚਾ ਭਾਰਤ ਅਜ਼ਾਦ ਕਰਵਾਉਣ ਦੀ ਜੰਗ ਵਿੱਚ ਸਾਂਝ ਦੀ ਮੰਗ ਕੀਤੀ ਅਤੇ ਨਨਕਾਣਾ ਸਾਹਿਬ ਦੇ ਸਾਕੇ ਨੂੰ ਅਜ਼ਾਦੀ ਦੀ ਪਹਿਲੀ ਜੰਗ ਕਹਿੰਦੇ ਹੋਏ ਵਾਸਤਾ ਪਾਇਆ ਕਿ ਅਸੀ ਦੇਸ਼ ਨਾਮਕ ਗੁਰੂਘਰ ਨੂੰ ਵੀ ਅਜ਼ਾਦ ਕਰਵਾਉਣ ਹੋ ਜਿੱਥੇ ਸਿੱਖਾਂ ਲਈ ਇੱਕ ਅਜ਼ਾਦ ਘਰ ਹੋਵੇਗਾ ਅਤੇ ਅਜ਼ਾਦੀ ਨਾਲ ਉਥੇ ਵਿਚਰ ਸਕਣਗੇ।

# Political System ਰਾਜਨੀਤਿਕ ਪ੍ਰਣਾਲੀ

## ਖ਼ਾਲੀ ਥਾਂ ਭਰੋ:-

1) ______________ਦੁਆਰਾ ਲਿਖੀ ਪੁਸਤਕ ਦਾ ਨਾ ਰਾਜਨੀਤੀ ਵਿੱਚ ਮਨੁੱਖੀ ਸੁਭਾਅ ਸੀ।
2) ਆਰਥਤ ਬੈਟਲੇ ਦੁਆਰਾ ਲਿਖੀ ਪੁਸਤਕ __________ 1908 ਵਿਚ ਪ੍ਰਕਾਸਿਤ ਕੀਤੀ ਗਈ।
3) ਰਾਜਨੀਤਿਕ ਪ੍ਰਣਾਲੀ ਦੀ ਧਾਰਨਾਂ ਸਭ ਤੋਂ ਪਹਿਲਾ__________ ਨੇ ਪੇਸ਼ ਕੀਤਾ।
4) ਡੇਵਿਡ ਈਸਟਨ ਦੁਆਰਾ ਲਿਖੀ ਪੁਸਤਕ ਦਾ ਨਾਂ ____________ ਹੈ।
5) ਰਾਜਨੀਤਿਕ ਪ੍ਰਣਾਲੀ __________ ਨੂੰ ਨਿਕਾਸਾਂ ਵਿੱਚ ਬਦਲਣ ਦਾ ਕਾਰਜ ਕਰਦੀ ਹੈ।

ਉੱਤਰ:- 1) ਗਰਾਹਮ ਵਾਲਸ (2) ਸ਼ਾਸ਼ਨ ਦੀ ਪ੍ਰਕਿਰਿਆ (3) ਡੇਵਿਡ ਈਸਟਨ (4) ਦੀ ਪੋਲੀਟੀਕਲ ਸਿਸਟਮ (5) ਨਿਵੇਸ਼ਾਂ

## ਬਹੁ-ਵਿਕਲਪੀ ਪ੍ਰਸ਼ਨ

1) ਸ਼ਾਸ਼ਨ ਦੀ ਪ੍ਰਕਿਰਿਆਂ ਪੁਸਤਕ ਦਾ ਲੇਖਕ ਹੈ।

a) ਡੇਵਿਡ ਈਸਟਨ  b) ਰਾਬਰਟ ਏ ਡਾਹਲ

c) ਗਰਾਹਮ ਵੇਲਸ  c) ਆਰਥਰ ਬੈਟਲੇ

2) ਹੇਠ ਲਿਖਿਆਂ ਵਿੱਚੋਂ ਕਿਹੜੀ 'ਪ੍ਰਣਾਲੀ' ਦੀ ਵਿਸ਼ੇਸ਼ਤਾ ਨਹੀ ਹੈ।

a) ਸੀਮਾਵਾਂ ਦਾ ਨਾ ਹੋਣਾ
b) ਸੀਮਾਵਾ ਦਾ ਹੋਣਾ
c) ਪ੍ਰਣਾਲੀ ਦੇ ਭਾਗ ਇੱਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ
d) ਇਸਦੇ ਅੰਗਾਂ ਵਿਚਕਾਰ ਸੰਬੰਧਾਂ ਦਾ ਹੋਣਾ

3) ਰਾਜਨੀਤਿਕ ਪ੍ਰਣਾਲੀ ਮਨੁੱਖੀ ਸੰਬੰਧਾਂ ਦਾ ਉਹ ਸਥਾਈ ਨਮੂਨਾ ਹੈ ਜਿਸ ਵਿੱਚ ਕਾਫੀ ਮਾਤਰਾਂ ਵਿੱਚ ਸ਼ਕਤੀ, ਸ਼ਾਸ਼ਨ ਜਾਂ ਸੱਤਾ ਸ਼ਾਮਿਲ ਹੁੰਦੀ ਹੈ? ਇਹ ਕਥਨ ਕਿਸ ਦਾ ਹੈ?

a) ਰਾਬਰਟ ਏ. ਡਾਹਲ  b) ਬੀਅਰ ਅਤੇ ਉਲਮਾ

c) ਡੇਵਿਡ ਈਸਟਨ  d) ਕੋਲਿੰਨ ਚੈਰੀ

4) ਹੇਠ ਲਿਖੀਆ ਵਿੱਚੋਂ ਕਿਹੜਾ ਰਾਜਨੀਤਿਕ ਪ੍ਰਣਾਲੀ ਦਾ ਰਸਮੀ ਢਾਚਾਂ ਨਹੀ ਹੈ।

a) ਵਿਧਾਨਪਾਲਿਕਾ  b) ਰਾਜਨੀਤਿਕ ਦਲ

c) ਕਾਰਜਪਾਲਿਕਾ  d) ਨਿਆਂਪਾਲਿਕ

5) ਰਾਜਨੀਤਿਕ ਪ੍ਰਣਾਲੀ ਦੀ ਪਰਿਵਰਤਨ ਪ੍ਰਕਿਰਿਆ ਦਾ ਭਾਵ ਕੀ ਹੈ।

a) ਨਿਵੇਸ਼ਾਂ ਨੂੰ ਨਿਕਾਸਾ ਵਿੱਚ ਬਦਲਣਾ
b) ਲੋਕਾਂ ਦੀਆਂ ਮੰਗਾਂ ਨੂੰ ਸੁਣਨਾ

c) ਲੋਕਾਂ ਤੱਕ ਫੈਸਲੇ ਪਹੁੰਚਾਣੇ
d) ਨਵੀਆਂ ਮੰਗਾਂ ਦਾ ਬਨਣਾ

ਉੱਤਰ:- 1) (d), (2) (a), (3) (a), (4) (b), (5) (a)

**ਸਹੀ ਗਲਤ**

1) ਆਧੁਨਿਕ ਰਾਜਨੀਤਿਕ ਵਿਗਿਆਨੀਆ ਨੇ ਰਾਜ ਅਤੇ ਸਰਕਾਰ ਦੀ ਥਾਂ ਰਾਜਨੀਤਿਕ ਪ੍ਰਣਾਲੀ ਨੂੰ ਰਾਜਨੀਤੀ-ਸ਼ਾਸਤਰ ਦਾ ਮੁੱਖ ਵਿਸ਼ਾ ਮੰਨਿਆ ਹੈ।
2) ਫੀਡ ਬੈਕ ਲੂਪ ਪ੍ਰਕਿਰਿਆ ਡੇਵਿਡ ਈਸਟਨ ਦੀ ਦੇਣ ਹੈ।
3) ਰਾਜਨੀਤਿਕ ਸਮਾਜੀਕਰਨ ਅਤੇ ਹਿੱਤ ਸਮੂਹੀਕਰਨ ਰਾਜਨੀਤਿਕ ਪ੍ਰਣਾਲੀ ਦੇ ਨਿਕਾਸ ਕਾਰਜ ਹਨ।
4) ਰਾਜਨੀਤਿਕ ਪ੍ਰਣਾਲੀ ਇੱਕ ਪ੍ਰੰਪਰਾਗਤ ਧਾਰਨਾ ਹੈ।
5) ਰਾਜਨੀਤਿਕ ਪ੍ਰਣਾਲੀ ਵਿਚ ਅਨੇਕਾਂ ਹੀ ਉਪ-ਪ੍ਰਣਾਲੀਆਂ ਪਾਈਆਂ ਜਾਦੀਆਂ ਹਨ।

ਉੱਤਰ:- 1) ਸਹੀ (2) ਸਹੀ (3) ਗਲਤ (4) ਗਲਤ (5) ਸਹੀ

**ਪ੍ਰਸ਼ਨ-ਉੱਤਰ**

ਪ੍ਰਸ਼ਨ 1:- ਰਾਜਨੀਤਿਕ ਪ੍ਰਣਾਲੀ ਦੀ ਕੋਈ ਇੱਕ ਪਰਿਭਾਸ਼ਾ ਲਿਖੋ।

ਉੱਤਰ:- ਰਾਬਰਟ ਏ.ਡਾਰਲ ਅਨੁਸਾਰ. "ਰਾਜਨੀਤਿਕ ਪ੍ਰਣਾਲੀ ਮਨੁੱਖੀ ਸੰਬੰਧਾਂ ਦਾ ਉਹ ਸਥਾਈ ਨਮੂਨਾ ਹੈ, ਜਿਸ ਵਿਚ ਕਾਫੀ ਮਾਤਰਾ ਵਿਚ ਸ਼ਕਤੀ, ਸ਼ਾਸਨ ਅਤੇ ਸੱਤਾਂ ਸ਼ਾਮਲ ਹੁੰਦੀ ਹੈ।"

ਪ੍ਰਸ਼ਨ 2:- ਰਾਜਨੀਤਿਕ ਸ਼ਬਦ ਦਾ ਅਰਥ ਸਪੱਸ਼ਟ ਕਰੋ।

ਉੱਤਰ:- ਰਾਜਨੀਤਿਕ ਸ਼ਬਦ ਸ਼ਕਤੀ, ਸ਼ਾਸਨ ਅਤੇ ਸੱਤਾ ਦਾ ਪ੍ਰਤੀਕ ਹੈ ਅਤੇ ਜਿਸ ਸੰਗਠਨ ਕੋਲ ਵੀ ਇਹ ਗੁਣ ਹਨ, ਉਹ ਰਾਜਨੀਤਿਕ ਅਖਵਾਉਣ ਦਾ ਹੱਕਦਾਰ ਹੈ।

ਪ੍ਰਸ਼ਨ 3:- ਰਾਜਨੀਤਿਕ ਪ੍ਰਣਾਲੀ ਦੀ ਇੱਕ ਵਿਸਸ਼ੇਤਾ ਲਿਖੋ।

ਉੱਤਰ:- ਰਾਜਨੀਤਿਕ ਪ੍ਰਣਾਲੀ ਮਨੁੱਖੀ ਸੰਬੰਧਾਂ ਦਾ ਸਥਾਈ ਨਮੂਨਾ ਹੈ।

ਪ੍ਰਸ਼ਨ 4:- ਰਾਜਨੀਤਿਕ ਪ੍ਰਣਾਲੀ ਨੂੰ ਹਰਮਨ ਪਿਆਰਾ ਬਣਾਉਣ ਵਾਲੇ ਵਿਦਵਾਨ ਦਾ ਨਾਂ ਲਿਖੋ।

ਉੱਤਰ:- ਡੇਵਿਡ ਈਸਟਨ।

ਪ੍ਰਸ਼ਨ 5:- ਰਾਜਨੀਤਿਕ ਪ੍ਰਣਾਲੀ ਦੇ ਕਾਰਜ ਕਿੰਨੇ ਪ੍ਰਕਾਰ ਦੇ ਹਨ? ਉਹਨਾਂ ਦੇ ਨਾਂ ਲਿਖੋ।

ਉੱਤਰ:- ਰਾਜਨੀਤਿਕ ਪ੍ਰਣਾਲੀ ਦੇ ਕਾਰਜ ਦੋ ਪ੍ਰਕਾਰ ਦੇ ਹਨ:- ਨਿਵੇਸ਼ ਕਾਰਜ ਅਤੇ ਨਿਕਾਸ ਕਾਰਜ।

ਪ੍ਰਸ਼ਨ 6:- ਰਾਜਨੀਤਿਕ ਪ੍ਰਣਾਲੀ ਦੇ ਦੋ ਨਿਵੇਸ਼ ਕਾਰਜ ਲਿਖੋ।

ਉੱਤਰ:- 1) ਹਿੱਤ ਸਮੂਹੀਕਰਨ

2) ਹਿੱਤ ਸਪੱਸ਼ਟੀਕਰਨ

ਪ੍ਰਸ਼ਨ 7:- ਰਾਜਨੀਤਿਕ ਪ੍ਰਣਾਲੀ ਦੋ ਦੇ ਨਿਕਾਸ ਕਾਰਜ ਲਿਖੋ।

ਉੱਤਰ:- 1) ਨਿਯਮ ਬਣਾਉਣ

2) ਨਿਯਮ ਲਾਗੂ ਕਰਨਾ

ਪ੍ਰਸ਼ਨ 8:- ਨਿਯਮ ਨਿਰਮਾਣ ਦਾ ਕਾਰਜ ਕੌਣ ਕਰਦਾ ਹੈ?

ਉੱਤਰ:- ਵਿਧਾਨਪਾਲਿਕਾ ਨਿਯਮ ਨਿਰਮਾਣ ਦਾ ਕਾਰਜ ਕਰਦਾ ਹੈ।

ਪ੍ਰਸ਼ਨ 9:- ਰਾਜਨੀਤਿਕ ਪ੍ਰਣਾਲੀ ਦਾ ਮੁੱਖ ਕੰਮ ਕੀ ਹੈ?

ਉੱਤਰ:- ਰਾਜਨੀਤਿਕ ਪ੍ਰਣਾਲੀ ਦਾ ਮੁੱਖ ਕੰਮ ਨਿਵੇਸ਼ਾਂ ਨੂੰ ਨਿਕਾਸਾਂ ਵਿਚ ਬਦਲਣਾ ਹੈ।

ਪ੍ਰਸ਼ਨ 10:- ਰਾਜਨੀਤਿਕ ਪ੍ਰਣਾਲੀ ਦੇ ਗੈਰ-ਰਸਮੀ ਢਾਂਚੇ ਕਿਹੜੇ ਹਨ।

ਉੱਤਰ:- ਰਾਜਨੀਤਿਕ ਦਲ ਅਤੇ ਦਬਾਓ ਸਮੂਹ ਰਾਜਨੀਤਿਕ ਪ੍ਰਣਾਲੀ ਦੇ ਗੈਰ-ਰਸਮੀ ਢਾਂਚੇ ਹਨ।

## ਉਦਾਰਵਾਦ

ONE WORD AND ONE SENTENCE ANSWER TYPE QUESTIONS

ਪ੍ਰਸ਼ਨ 1. ਉਦਾਰਵਾਦ ਦੇ ਅਰਥ ਲਿਖੋ ।

Ans. ਉਦਾਰਵਾਦ (Liberalism) ਸ਼ਬਦ ਦਾ ਜਨਮ ਲਾਤੀਨੀ ਭਾਸ਼ਾ ਦੇ ਸ਼ਬਦ 'Liberalis ਤੋਂ ਹੋਇਆ iਜਸ ਦਾ ਅਰਥ ਹੈ

ਸੁਤੰਤਰ ਵਿਅਕਤੀ'। '

Q. 2. ਉਦਾਰਵਾਦ ਦੇ ਸਮਰਥਕ ਕਿਸੇ ਦੋ ਵਿਦਵਾਨਾਂ ਦੇ ਨਾਂ ਲਿਖੋ।

Ans. ਜਾਹਨ ਲਾਕ ਅਤੇ ਰੂਸੋ ਉਦਾਰਵਾਦ ਦੇ ਸਮਰਥਕ ਹਨ।

Q. 3. ਜਾਹਨ ਲਾਕ ਅਨੁਸਾਰ ਮਨੁੱਖ ਦੇ ਕਿਹੜੇ ਅਧਿਕਾਰ ਕੁਦਰਤੀ ਅਧਿਕਾਰ ਹਨ ?

Ans. ਸੁਤੰਤਰਤਾ, ਸਮਾਨਤਾ ਅਤੇ ਸੰਪਤੀ ਦਾ ਅਧਿਕਾਰ।

Q. 4. ਪ੍ਰੰਪਰਾਵਾਦੀ ਉਦਾਰਵਾਦ ਤੋਂ ਤੁਹਾਡਾ ਕੀ ਭਾਵ ਹੈ ?

Ans. ਪ੍ਰੰਪਰਾਵਾਦੀ ਉਦਾਰਵਾਦ ਵਿਅਕਤੀ ਨੂੰ ਵੱਧ ਤੋਂ ਵੱਧ ਸੁਤੰਤਰਤਾ ਦਿੱਤੇ ਜਾਣ ਅਤੇ ਰਾਜ ਦੇ ਕਾਰਜ ਖੇਤਰ ਨੂੰ ਸੀਮਿਤ ਕੀਤੇ ਜਾਣ ਦੇ ਹੱਕ ਵਿਚ ਹੈ।

Q. 5. ਪ੍ਰੰਪਰਾਵਾਦੀ ਉਦਾਰਵਾਦ ਦਾ ਕੋਈ ਇਕ ਸਿਧਾਂਤ ਲਿਖੋ।

Ans. ਖੁਲ੍ਹਾ ਮੁਕਾਬਲਾ ਅਤੇ ਸੁਤੰਤਰ ਵਪਾਰ ਦਾ ਸਮਰਥਨ।

Q.6. ਪ੍ਰੰਪਰਾਵਾਦੀ ਉਦਾਰਵਾਦੀ ਰਾਜ ਨੂੰ ਆਵੱਸ਼ਕ ਬੁਰਾਈ ਕਿਉਂ ਮੰਨਦੇ ਹਨ ?

Ans. ਕੁਝ ਕਾਰਜ ਕਰਨ ਲਈ ਰਾਜ ਜ਼ਰੂਰੀ ਹੈ ਜਿਹੜੇ ਕਿ ਵਿਅਕਤੀ ਆਪ ਨਹੀਂ ਕਰ ਸਕਦਾ, ਪਰੰਤ ਇਸ ਦੇ ਨਾਲ-ਨਾਲ ਰਾਜ ਵਿਅਕਤੀ ਦੀ ਸੁਤੰਤਰਤਾ ਨੂੰ ਸੀਮਿਤ ਕਰਦਾ ਹੈ।

Q. 7. ਸਮਕਾਲੀ ਜਾਂ ਆਧੁਨਿਕ ਉਦਾਰਵਾਦ ਤੋਂ ਤੁਹਾਡਾ ਕੀ ਭਾਵ ਹੈ ?

Ans. ਸਮਕਾਲੀ ਉਦਾਰਵਾਦ ਖੁਲ੍ਹੇ ਮੁਕਾਬਲੇ ਅਤੇ ਸੁਤੰਤਰ ਵਪਾਰ ਦਾ ਵਿਰੋਧ ਕਰਦਾ ਹੈ।

Q. 8. ਸਮਕਾਲੀ ਉਦਾਰਵਾਦ ਦੇ ਸਮਰਥਕ ਦੋ ਵਿਦਵਾਨਾਂ ਦੇ ਨਾਂ ਲਿਖੋ ।

Ans. I. ਜੀ. ਡੀ. ਐਚ. ਕੋਲ II. ਮੈਕਾਈਵਰ

Q. 9. ਸਮਕਾਲੀ ਜਾਂ ਆਧੁਨਿਕ ਉਦਾਰਵਾਦ ਦੇ ਵਿਕਾਸ ਲਈ ਜ਼ਿੰਮੇਵਾਰ ਕੋਈ ਇਕ ਕਾਰਨ ਲਿਖੋ

Ans. ਰਾਜਨੀਤਿਕ ਲੋਕਤੰਤਰ ਦਾ ਪ੍ਰਸਾਰ।

Q. 10. ਪ੍ਰੰਪਰਾਵਾਦੀ ਉਦਾਰਵਾਦ ਨੂੰ ਨਿਖੇਧਾਤਮਕ ਉਦਾਰਵਾਦ ਕਿਉਂ ਕਿਹਾ ਜਾਂਦਾ ਹੈ ?

Ans. ਇਹ ਰਾਜ ਦੁਆਰਾ ਵਿਅਕਤੀ ਦੇ ਜੀਵਨ ਵਿਚ ਘੱਟ ਤੋਂ ਘੱਟ ਦਖਲਅੰਦਾਜੀ ਦਾ ਸਮਰਥਕ ਹੈ

Q. 11. ਉਦਾਰਵਾਦੀ ਵਿਚਾਰਧਾਰਾ ਦੀ ਕੋਈ ਇਕ ਕਮੀ ਲਿਖੋ।

Ans. ਰਾਜ ਬਨਾਵਟੀ ਸੰਸਥਾ ਨਹੀਂ ਹੈ ਸਗੋਂ ਇਹ ਕੁਦਰਤੀ ਸੰਸਥਾ ਹੈ।

ਪ੍ਰਸ਼ਨ 12. ਉਦਾਰਵਾਦ ਦੇ ਦੋ ਮੁੱਖ ਰੂਪ ਲਿਖੋ।

Ans. ਉਦਾਰਵਾਦ ਦੇ ਦੋ ਰੂਪ ਹਨ-I ਪ੍ਰੰਪਰਾਵਾਦੀ ਉਦਾਰਵਾਦ ਅਤੇ II. ਸਮਕਾਲੀ ਜਾਂ ਆਧੁਨਿਕ ਉਦਾਰਵਾਦ ।

Q.13. ਸਮਕਾਲੀ ਉਦਾਰਵਾਦ ਅਨੁਸਾਰ ਰਾਜ ਕਿਸ ਪ੍ਰਕਾਰ ਦੀ ਸੰਸਥਾ ਹੈ ?

Ans. ਸਮਕਾਲੀ ਉਦਾਰਵਾਦ ਅਨੁਸਾਰ ਰਾਜ ਸਮਾਜਿਕ ਕਲਿਆਣ ਦੀ ਸੰਸਥਾ ਹੈ।

ਪ੍ਰਸ਼ਨ 14. ਬੈਂਥਮ ਨੇ ਕਿਹੜੀ ਵਿਚਾਰਧਾਰਾ ਪੇਸ਼ ਕੀਤੀ?

ਉੱਤਰ- ਬੈਂਥਮ ਨੇ 'ਉਪਯੋਗਿਤਾਵਾਦ' ਦੀ ਵਿਚਾਰਧਾਰਾ ਪੇਸ਼ ਕੀਤੀ।

ਪ੍ਰਸ਼ਨ 15. ਐਡਮ ਸਮਿਥ ਨੇ ਕਿਹੜਾ ਸਿਧਾਂਤ ਪੇਸ਼ ਕੀਤਾ?

ਉੱਤਰ- ਐਡਮ ਸਮਿਥ ਨੇ ਆਰਥਿਕ ਖੇਤਰ ਵਿਚ 'ਮੁਕਤ ਰਹਿਣ ਦਿਉ' ਦਾ ਸਿਧਾਂਤ ਪੇਸ਼ ਕੀਤਾ।

ਉੱਤਰ- (i) ਪਰੰਪਰਾਵਾਦੀ ਉਦਾਰਵਾਦ (ii) ਸਮਕਾਲੀ ਉਦਾਰਵਾਦ।

ਪ੍ਰਸ਼ਨ 16. ਪਰੰਪਰਾਵਾਦੀ ਉਦਾਰਵਾਦ ਦੇ ਦੋ ਸਮਰਥਕਾਂ ਦੇ ਨਾਂ ਲਿਖੋ ।

ਉੱਤਰ- (1) ਜਾਨ ਲਾਕ (2) ਐਡਮ ਸਮਿਥ।

ਪ੍ਰਸ਼ਨ 17. ਪਰੰਪਰਾਵਾਦੀ ਉਦਾਰਵਾਦ ਨੂੰ ਨਿਖੇਧਾਤਮਕ ਉਦਾਰਵਾਦ ਕਿਉਂ ਕਿਹਾ ਜਾਂਦਾ ਹੈ?

ਉੱਤਰ- ਕਿਉਂਕਿ ਇਹ ਰਾਜ ਨੂੰ ਇਕ ਬਨਾਵਟੀ ਸੰਸਥਾ ਮੰਨਦਾ ਹੈ ਅਤੇ ਉਸ ਨੂੰ ਇਕ ਜਰੂਰੀ ਬੁਰਾਈ ਦੇ ਰੂਪ ਵਿਚ ਸਵਿਕਾਰ ਕਰਦਾ ਹੈ।

ਪ੍ਰਸ਼ਨ 18. 18ਵੀਂ ਅਤੇ 19ਵੀਂ ਵਿਚ ਉਦਾਰਵਾਦ ਦਾ ਸਰੂਪ ਕਿਸ ਤਰ੍ਹਾਂ ਸੀ?

ਉੱਤਰ- 18ਵੀਂ ਅਤੇ 19ਵੀਂ ਸਦੀ ਵਿਚ ਉਦਾਰਵਾਦ ਸਰੂਪ ਨਿਖੇਧਾਤਮਕ ਸੀ।

ਪ੍ਰਸ਼ਨ 19. ਸਮਕਾਲੀ ਜਾਂ ਆਧੁਨਿਕ ਉਦਾਰਵਾਦ ਤੋਂ ਕੀ ਭਾਵ ਹੈ ?

ਉੱਤਰ- ਇਹ ਰਾਜ ਨੂੰ ਇਕ ਸਮਾਜਿਕ ਅਤੇ ਨੈਤਿਕ ਸੰਸਥਾ ਮੰਨਦਾ ਹੋਇਆ ਉਸ ਨੂੰ ਲੋਕਾਂ ਦੇ ਕਲਿਆਣ ਲਈ ਜ਼ਿਆਦ ਤੋਂ ਜ਼ਿਆਦਾ ਕੰਮ ਸੌਂਪਣਾ ਚਾਹੁੰਦਾ ਹੈ।

ਪ੍ਰਸ਼ਨ20. ਕਿਹੜੇ ਵਿਦਵਾਨ ਨੇ ਵਿਅਕਤੀ ਦੇ ਕੁਦਰਤੀ ਅਧਿਕਾਰਾਂ ਦਾ ਸਮਰਥਨ ਕੀਤਾ ਹੈ?

ਉੱਤਰ ਜਾਨ ਲਾਕ

## Fill In The Blanks

1. ਪ੍ਰੰਪਰਾਵਾਦੀ ਉਦਾਰਵਾਦ ਖੁਲ੍ਹੇ ਮੁਕਾਬਲੇ ਅਤੇ………………… ਦਾ ਸਮਰਥਕ ਹੈ।

2……………..The Spirit of Laws ਪੁਸਤਕ ਦਾ ਲੇਖਕ ਹੈ।

3. ………… 'ਸ਼ਾਸ਼ਨ ਉੱਤੇ ਦੋ ਨਿਬੰਧ' (Two Treatises on Government) ਦਾ ਲੇਖਕ ਸੀ।

4. ਰੂਸੋ…………….. ਦੇ ਸਿਧਾਂਤ ਦਾ ਸਮਰਥਕ ਸੀ।

5. ਪ੍ਰੰਪਰਾਵਾਦੀ ਉਦਾਰਵਾਦੀਆਂ ਅਨੁਸਾਰ ਰਾਜ ……………ਸੰਸਥਾ ਹੈ।

6. ……………ਕੁਦਰਤੀ ਅਧਿਕਾਰਾਂ ਦੇ ਸਿਧਾਂਤ ਦਾ ਸਮਰਥਕ ਸੀ।

7. ਉਦਾਰਵਾਦੀ …………….. ਸਮਾਜ ਵਿੱਚ ਵਿਸ਼ਵਾਸ ਕਰਦੇ ਹਨ।

8. ਪਰੰਪਰਾਵਾਦੀ ਉਦਾਰਵਾਦ ਰਾਜ ਨੂੰ ਇਕ ਜ਼ਰੂਰੀ……………. ਮੰਨਦਾ ਹੈ।

Ans. . I. ਸੁਤੰਤਰ ਵਪਾਰ, II. ਮਾਂਟੇਸਕਿਊ, III. ਜੇ. ਐਸ. ਮਿੱਲ, IV. ਆਮ ਇੱਛਾ, V. ਬਨਾਵਟੀ, VI. ਜਾਹਨ ਲਾਕ, VII. ਬਹੁਲਵਾਦੀ, VII. ਬੁਰਾਈ

True/False

1. ਉਦਾਰਵਾਦ (Liberalism) ਸ਼ਬਦ ਦਾ ਮੂਲ ਲਾਤੀਨੀ ਭਾਸ਼ਾ ਦਾ ਸ਼ਬਦ ਲਿਬਰਲਿਸ (Liberalis) ਹੈ।

II. ਉਦਾਰਵਾਦੀ ਰਾਜ ਦੀ ਨਿਰੰਕੁਸ਼ਤਾ ਵਿੱਚ ਵਿਸ਼ਵਾਸ਼ ਰੱਖਦੇ ਹਨ।

III. ਜਾਨ ਲਾਕ ਪ੍ਰੰਪਰਾਵਾਦੀ ਉਦਾਰਵਾਦ ਦਾ ਸਮਰਥਕ ਹੈ।

IV. ਉਦਾਰਵਾਦੀ ਖੁਲ੍ਹੇ ਮੁਕਾਬਲੇ ਦੇ ਸਿਧਾਂਤ ਦੇ ਵਿਰੁੱਧ ਹਨ।

V. ਉਦਾਰਵਾਦੀ ਸ਼ਕਤੀਆਂ ਦੇ ਵਿਕੇਂਦਰੀਕਰਨ ਵਿੱਚ ਵਿਸ਼ਵਾਸ਼ ਰੱਖਦੇ ਹਨ।

VI. ਉਦਾਰਵਾਦੀ ਰਾਜ ਨੂੰ ਕੁਦਰਤੀ ਸੰਸਥਾ ਮੰਨਦੇ ਹਨ।

VII. ਉਦਾਰਵਾਦੀ ਵਿਅਕਤੀ ਨੂੰ ਸਾਧਨ ਅਤੇ ਰਾਜ ਨੂੰ ਉਦੇਸ਼ ਮੰਨਦੇ ਹਨ।

VIII. ਪ੍ਰੰਪਰਾਵਾਦੀ ਉਦਾਰਵਾਦ ਨਕਾਰਾਤਮਕ ਰਾਜ ਦਾ ਸਮਰਥਕ ਹੈ।

IX. ਆਧੁਨਿਕ ਉਦਾਰਵਾਦੀਆਂ ਦੁਆਰਾ ਖੁਲ੍ਹੇ ਮੁਕਾਬਲੇ ਅਤੇ ਸੁਤੰਤਰ ਵਪਾਰ ਦੇ ਸਿਧਾਂਤ ਦਾ ਵਿਰੋਧ ਕੀਤਾ ਗਿਆ ਸੀ।

X. ਆਧੁਨਿਕ ਉਦਾਰਵਾਦੀ ਰਾਜ ਨੂੰ ਕਲਿਆਣਕਾਰੀ ਸੰਸਥਾ ਮੰਨਦੇ ਹਨ।

Ans.I True II .False III. True IV.False V.True VI.False VII. False VIII. True IX. True X. True

## ਮਾਰਕਸਵਾਦ

**ਪ੍ਰਸ਼ਨ 1: ਮਾਰਕਸਵਾਦ ਦਾ ਬਾਨੀ ਕੌਣ ਹੈ?**

ਉੱਤਰ: ਕਾਰਲ ਮਾਰਕਸ ।

**ਪ੍ਰਸ਼ਨ 2: ਮਾਰਕਸਵਾਦ ਨੂੰ ਹੋਰ ਕਿਹੜੇ ਨਾਮ ਨਾਲ ਜਾਣਿਆ ਜਾਂਦਾ ਹੈ?**

ਉੱਤਰ: ਵਿਗਿਆਨਕ ਸਮਾਜਵਾਦ ।

**ਪ੍ਰਸਨ3: ਕਾਰਲ ਮਾਰਕਸ ਦੀ ਕਿਸੇ ਇੱਕ ਮਹੱਤਵਪੂਰਨ ਰਚਨਾ ਦਾ ਨਾਮ ਲਿਖੋ?**

ਉੱਤਰ: ਦਾਸ ਕੈਪੀਟਲ ।

**ਪ੍ਰਸ਼ਨ 4: ਕਾਰਲ ਮਾਰਕਸ ਅਨੁਸਾਰ ਹਰੇਕ ਸਮਾਜ ਵਿ ੱਚ ਪਰਸਪਰ ਵਿਰੋਧੀ ਕਿੰਨੀਆਂ ਸ਼੍ਰੇਣੀਆਂ ਹੁੰਦੀਆ ਹਨ?**

ਉੱਤਰ: ਦੋ ਸ਼੍ਰੇਣੀਆਂ 1.ਬੁਰਜੂਆ ਸ਼੍ਰੇਣੀ 2.ਮਜ਼ਦੂਰ ਸ਼੍ਰੇਣੀ ।

**ਪ੍ਰਸ਼ਨ 5: ਕਾਰਲ ਮਾਰਕਸ ਧਰਮ ਨੂੰ ਕੀ ਸਮਝਦੇ ਸਨ।**

ਉੱਤਰ: ਕਾਰਲ ਮਾਰਕਸ ਧਰਮ ਨੂੰ ਅਫੀਮ ਦੀ ਤਰਾਂ ਸਮਝਦੇ ਸਨ।

**(ਠੀਕ/ਗਲਤ)**

1. ਵਾਧੂ ਮੁੱਲ ਦਾ ਸਿਧਾਂਤ ਲੈਨਿਨ ਨੇ ਦਿੱਤਾ **( ਗਲਤ )**
2. ਕਾਰਲ ਮਾਰਕਸ ਦਾ ਜਨਮ 1818 ਨੂੰ ਜਰਮਨੀ ਦੇਸ਼ ਵਿੱਚ ਹੋਇਆ। **( ਸਹੀ )**
3. ਮਾਰਕਸਵਾਦ ਨੂੰ ਵਿਗਿਆਨਕ ਸਮਾਜਵਾਦ ਵੀ ਕਿਹਾ ਜਾਂਦਾ ਹੈ। **( ਸਹੀ )**
4. ਮਾਰਕਸਵਾਦ ਵਿਗਿਆਨਵਾਦ ਦਾ ਖੰਡਨ ਕਰਦਾ ਹੈ। **( ਗਲਤ )**

**(ਬਹੁ ਵਿਕਲਪੀ ਪ੍ਰਸ਼ਨ)**

1. ਕਿਹੜੀ ਰਚਨਾ ਕਾਰਲ ਮਾਰਕਸ ਦੀ ਹੈ?
   (ੳ)ਸਰਕਾਰ ਦੇ ਦੋ ਨਿਬੰਧ (ਅ) ਲੈਵੀਥਾਨ (ੲ) ਦਾਸ ਕੈਪੀਟਲ (ਸ) ਰਾਸ਼ਟਰਾ ਦੀ ਦੌਲਤ
   **ਉੱਤਰ: ਦਾਸ ਕੈਪੀਟਲ**
2. ਕਾਰਲ ਮਾਰਕਸ ਦਾ ਮਿੱਤਰ ਕੌਣ ਸੀ?
   (ੳ)ਲੈਨਿਨ (ਅ) ਸਟਾਲਨ (ੲ) ਫਰੈਡਰਿਕ ਏਜਲਸ (ਸ) ਚੁਐਨ ਲਾਈ
   **ਉੱਤਰ: ਫਰੈਡਰਿਕ ਏਜਲਸ**

**(ਖਾਲੀ ਥਾਂਵਾ)**

1. ਕਾਰਲ ਮਾਰਕਸ ਨੂੰ ਵਿਗਿਆਨਕ ਸਮਾਜਵਾਦ ਦਾ__________ਮੰਨਿਆ ਜਾਂਦਾ ਹੈ।
2. ਮਾਰਕਸਵਾਦ________ਦੇ ਵਿਰੁੱਧ ਹੈ।
3. ਕਮਿਊਨਿਸਟ ਮੈਨੀਫੈਸਟੋ_________ਦੀ ਰਚਨਾ ਹੈ।
4. ਕਾਰਲ ਮਾਰਕਸ ਦਾ ਮੁੱਖ ਸਿਧਾਂਤ________ਹੈ।

**ਉੱਤਰ: 1. ਪਿਤਾਮਾ 2.ਨਿੱਜੀ ਸੰਪਤੀ 3. ਕਾਰਲ ਮਾਰਕਸ 4. ਸ਼੍ਰੈਣੀ ਯੁੱਧ**